ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

**Awaze Qaum**

(ਯੂ.ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7l

awazeqaumtvpunjab@gmail.com

ਵੀਰਵਾਰ, 15 ਫਰਵਰੀ 2024 (ਨਾਨਕਸ਼ਾਹੀ ਸੰਮਤ : ੫੫੫, ੩ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਸ਼ੰਭੂ ਬੈਰੀਅਰ 'ਤੇ ਅੱਜ ਵੀ ਝੜਪਾਂ

# ਕਿਸਾਨਾਂ 'ਤੇ ਵਰ੍ਹਾਏ ਅੱਥਰੂ ਗੈਸ ਦੇ ਗੋਲੇ, ਮਾਮਲਾ ਯੂਐਨਓ ਕੋਲ ਉਠੇਗਾ

**ਸ਼ੰਭੂ ਬਾਰਡਰ, 14 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨਾਂ ਵੱਲੋਂ ਦਿੱਲੀ ਕੂਚ ਦਾ ਅੱਜ ਦੂਜਾ ਦਿਨ ਹੈ। ਸ਼ੰਭੂ ਬੈਰੀਅਰ 'ਤੇ ਅੱਜ ਵੱਡੀ ਗਿਣਤੀ ਕਿਸਾਨ ਪੂਰੇ ਜੋਸ਼ ਵਿੱਚ ਨਜ਼ਰ ਆਏ। ਕਿਸਾਨਾਂ ਵੱਲੋਂ ਅੱਜ ਸ਼ੰਭੂ ਬੈਰੀਅਰ 'ਤੇ ਪੂਰੀ ਤਿਆਰੀ ਰੱਖੀ ਗਈ ਹੈ। ਹਰਿਆਣਾ ਪੁਲਿਸ ਪ੍ਰਸ਼ਾਸਨ ਵੱਲੋਂ ਅੱਜ ਵੀ ਕਿਸਾਨਾਂ ਨੂੰ ਪਿੱਛੇ ਖਿਦੇੜਨ ਦੀ ਕੋਸ਼ਿਸ਼ ਕੀਤੀ ਗਈ। ਕਿਸਨਾਂ ਉਪਰ ਅੱਥਰੂ ਗੈਸ ਦੇ ਗੋਲੇ ਦਾਗੇ ਗਏ। ਇਸ ਦੌਰਾਨ ਬੈਰੀਅਰ ਦੇ ਆਲੇ-ਦੁਆਲੇ ਖੇਤਾਂ ਵਿੱਚ ਨੌਜਵਾਨ ਵੱਡੀ ਗਿਣਤੀ ਵਿੱਚ ਹਰਿਆਣਾ ਪੁਲਿਸ ਦਾ ਸਾਹਮਣਾ ਕਰਦੇ ਨਜ਼ਰ ਆਏ। ਇਸ ਦੌਰਾਨ ਕਿਸਾਨ ਆਪਣੇ ਆਪ ਨੂੰ ਸੰਗਲਾਂ ਦੇ ਨਾਲ ਜਕੜ ਕੇ ਪ੍ਰਦਰਸ਼ਨ ਕਰਦੇ ਨਜ਼ਰ ਆਏ। ਮੋਗਾ ਤੋਂ ਪਹੁੰਚੇ ਕਿਸਾਨ ਨੇ ਆਪਣੇ ਆਪ ਨੂੰ ਮੋਟੇ-ਮੋਟੇ ਸੰਗਲ ਨਾਲ ਜਕੜਿਆ ਹੋਇਆ ਹੈ। ਉਹ ਸਰਕਾਰ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ। ਸ਼ੰਭੂ ਪਹੁੰਚੇ ਡਾਕਟਰ ਮਨਜੀਤ ਸਿੰਘ ਰੰਧਾਵਾ ਜੋ ਸਾਬਕਾ ਸਿਵਲ ਸਰਜਨ ਹਨ,



ਨੇ ਕਿਹਾ ਕਿ ਸਰਕਾਰ ਨੇ ਸਾਡੇ ਡੈਮੋਕ੍ਰੇਟਿਕ ਹੱਕ ਤੇ ਮਨੁੱਖੀ ਹੱਕਾਂ ਦੀ ਉਲੰਘਣਾ ਕੀਤੀ ਹੈ ਤੇ ਅਸੀਂ ਇਸ ਸੰਬਧੀ ਯੂਐਨਓ ਵਿੱਚ ਪਟੀਸ਼ਨ ਪਾਉਣ ਜਾ ਰਹੇ ਹਾਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਾਡੇ ਮਾਨਵੀ ਹੱਕ ਸਾਡੇ ਤੋਂ ਖੋਹੇ ਜਾ ਰਹੇ ਹਨ। ਅਸੀਂ ਹਾਈਕੋਰਟ ਵਿੱਚ ਵੀ ਪਟੀਸ਼ਨ ਪਾਉਣ ਜਾ ਰਹੇ ਹਾਂ। ਉਧਰ, ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਕਿਸਾਨ ਆਪਣੀਆਂ ਮੰਗਾਂ ਸਬੰਧੀ ਗੱਲਬਾਤ ਲਈ ਕੇਂਦਰ ਵੱਲੋਂ ਆਉਣ ਵਾਲੀ ਕਿਸੇ ਵੀ ਤਜਵੀਜ਼ 'ਤੇ ਵਿਚਾਰ ਕਰਨਗੇ ਪਰ ਗੱਲਬਾਤ ਲਈ ਹਾਂ-ਪੱਖੀ ਮਾਹੌਲ ਸਿਰਜਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਦੀ ਗਾਰੰਟੀ ਦੇਣ ਲਈ ਕਾਨੂੰਨ ਬਣਾਉਣ ਦੀ ਅਪੀਲ ਕੀਤੀ। ਪੰਧੇਰ ਨੇ ਕਿਹਾ, 'ਇਹ ਕਿਹਾ ਜਾਂਦਾ ਹੈ ਕਿ ਤੁਹਾਡਾ (ਮੋਦੀ) ਦਿਲ ਵੱਡਾ ਹੈ। ਸਾਨੂੰ ਐਮਐਸਪੀ ਦੀ ਗਾਰੰਟੀ ਦਾ ਕਾਨੂੰਨ ਦਿਓ।' ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਕਿਸਾਨਾਂ ਨੂੰ ਗੱਲਬਾਤ ਲਈ ਕੋਈ ਸੱਦਾ ਮਿਲਿਆ ਹੈ ਤਾਂ ਉਨ੍ਹਾਂ ਕਿਹਾ ਕਿ ਕਿਹਾ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਗੱਲਬਾਤ ਲਈ ਸੱਦਾ ਦਿੱਤਾ ਹੈ।' ਅੰਬਾਲਾ ਨੇੜੇ ਸ਼ੰਭੂ ਸਰਹੱਦ 'ਤੇ ਪੱਤਰਕਾਰਾਂ ਨੂੰ ਉਨ੍ਹਾਂ ਕਿਹਾ,'ਅਸੀਂ ਸੱਦੇ 'ਤੇ ਵਿਚਾਰ ਕਰਾਂਗੇ।'




## ਗਿ. ਹਰਪ੍ਰੀਤ ਸਿੰਘ ਵੱਲੋਂ ਅੱਥਰੂ ਗੈਸ ਦੇ ਗੋਲੇ ਸੁੱਟਣ ਦੀ ਨਿੰਦਾ

**ਚੰਡੀਗੜ੍ਹ, 14 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਐਮ. ਐਸ. ਪੀ. ਸਮੇਤ ਹੋਰ ਮੰਗਾਂ ਨੂੰ ਲੈ ਕੇ ਕਿਸਾਨਾਂ ਵਲੋਂ ਦਿੱਲੀ ਵੱਲ ਨੂੰ ਕੂਚ ਕੀਤਾ ਜਾ ਰਿਹਾ ਹੈ। ਸ਼ੰਭੂ ਬਾਰਡਰ 'ਤੇ ਇਸ ਸਮੇਂ ਕਿਸਾਨਾਂ ਦਾ ਵੱਡਾ ਇਕੱਠ ਹੈ, ਜਿਸ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਪੁਲਸ ਵਲੋਂ ਕਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਕਿਸਾਨੀ ਸੰਘਰਸ਼ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਹਨਾਂ ਨੇ ਖੱਟਰ ਸਰਕਾਰ 'ਤੇ ਕਈ ਤਰ੍ਹਾਂ ਦੇ ਸਵਾਲ ਚੁੱਕੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਗਿ. ਹਰਪ੍ਰੀਤ ਸਿੰਘ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਸਰਕਾਰ ਨੂੰ ਉਹਨਾਂ ਨਾਲ ਬੈਠ ਕੇ ਗੱਲਬਾਤ ਕਰਨੀ ਚਾਹੀਦੀ ਹੈ। ਦੋਵਾਂ ਧਿਰਾਂ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ। ਕਿਸਾਨੀ ਸੰਘਰਸ਼ ਦੌਰਾਨ ਸਰਹੱਦਾਂ 'ਤੇ ਸਰਕਾਰ ਸਖ਼ਤੀ ਕਰਕੇ ਕਿਸਾਨਾਂ 'ਤੇ ਅੱਤਿਆਚਾਰ ਕਰ ਰਹੀ ਹੈ, ਜੋ ਸਹੀ ਨਹੀਂ ਹਨ। ਪੰਜਾਬ ਨੂੰ ਕਸ਼ਮੀਰ ਨੂੰ ਪੂਰੇ ਭਾਰਤ ਨਾਲੋਂ ਸਰਹੱਦਾਂ ਸੀਲ ਕਰਕੇ ਹਰਿਆਣਾ ਸਰਕਾਰ ਨੇ ਬਿਲਕੁਲ ਵੱਖਰਾ ਕਰ ਦਿੱਤਾ ਹੈ। ਇਸ ਮੌਕੇ ਸ਼ੰਭੂ ਸਰਹੱਦ 'ਤੇ ਜੋ ਹਾਲਾਤ ਬਣੇ ਹੋਏ ਹਨ, ਉਸ ਨੂੰ ਵੇਖ ਕੇ ਇੰਝ ਲੱਗਦਾ ਜਿਵੇਂ ਜੰਗ ਹਿੰਦ ਪੰਜਾਬ ਦਾ ਹੋਣ ਲੱਗਾ ਹੈ।



## ਭਾਜਪਾ ਦੇ ਸਿੱਖ ਆਗੂ ਤਾਲਮੇਲ ਕਾਇਮ ਕਰਨ 'ਚ ਰਹੇ ਨਾਕਾਮ

**ਜਲੰਧਰ, 14 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਦੋ ਸਾਲ ਪਹਿਲਾਂ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਕੇਂਦਰ ਸਰਕਾਰ ਨੂੰ ਝੁਕਣ ਲਈ ਮਜਬੂਰ ਕਰਨ ਵਾਲੇ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਇਕ ਵਾਰ ਫਿਰ ਵੱਡਾ ਅੰਦੋਲਨ ਕਰ ਰਹੇ ਹਨ। ਪਿਛਲੀ ਵਾਰ ਦੀ ਤਰ੍ਹਾਂ ਪੰਜਾਬ ਦੀ ਭਾਜਪਾ ਇਕਾਈ ਕਿਸਾਨਾਂ ਨਾਲ ਇਕ ਵਾਰ ਫਿਰ ਤਾਲਮੇਲ ਕਰਨ 'ਚ ਨਾਕਾਮ ਸਾਬਤ ਹੋਈ ਹੈ। ਪਿਛਲੀ ਵਾਰ ਅਗਸਤ 2020 ਤੋਂ ਲੈ ਕੇ ਦਸੰਬਰ 2021 ਦਰਮਿਆਨ ਕਿਸਾਨ ਅੰਦੋਲਨ ਦੌਰਾਨ ਪੰਜਾਬ ਵਿੱਚ ਅਕਾਲੀ ਦਲ ਨੇ ਭਾਜਪਾ ਨਾਲੋਂ ਗਠਜੋੜ ਤੋੜ ਦਿੱਤਾ ਸੀ ਅਤੇ ਇਸ ਦੀ ਭਰਪਾਈ ਕਰਨ ਲਈ ਭਾਜਪਾ ਨੇ ਪੰਜਾਬ ਵਿੱਚ ਸਿੱਖ ਚਿਹਰਿਆਂ ਨੂੰ ਤਰਜੀਹ ਦੇਣ ਦੀ ਰਾਜਨੀਤੀ ਕੀਤੀ ਸੀ ਪਰ ਪੰਜਾਬ ਵਿੱਚ ਭਾਜਪਾ ਪ੍ਰਧਾਨ ਖ਼ੁਦ ਕਿਸਾਨ ਹੋਣ ਦੇ ਬਾਵਜੂਦ ਕਿਸਾਨਾਂ ਦੇ ਅੰਦਰ ਚੱਲ ਰਹੀ ਵੱਡੇ ਅੰਦੋਲਨ ਦੀ ਤਿਆਰੀ ਨੂੰ ਸਮਝਣ ਵਿੱਚ ਅਸਫ਼ਲ ਰਹੇ। ਇਸ ਦੌਰਾਨ ਪੰਜਾਬ ਵਿੱਚ ਭਾਜਪਾ ਦੇ ਸਾਬਕਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਜਦੋਂ ਆਪਣੀ ਟੀਮ ਦਾ ਐਲਾਨ ਕੀਤਾ ਤਾਂ ਇਸ ਟੀਮ ਵਿੱਚ 45 ਫ਼ੀਸਦੀ ਅਹੁਦੇ ਸਿੱਖ ਆਗੂਆਂ ਨੂੰ ਦਿੱਤੇ ਗਏ। ਪੰਜਾਬ ਵਿੱਚ ਕਿਸਾਨਾਂ ਨਾਲ ਜੁੜਨ ਲਈ ਜਾਟ ਆਗੂ ਅਤੇ ਕਿਸਾਨ ਸੁਨੀਲ ਜਾਖੜ ਨੂੰ ਪੰਜਾਬ ਵਿੱਚ ਭਾਜਪਾ ਦੀ ਕਮਾਨ ਸੌਂਪੀ ਗਈ ਅਤੇ ਜਦੋਂ ਜਾਖੜ ਨੇ ਆਪਣੀ ਟੀਮ ਦਾ ਐਲਾਨ ਕੀਤਾ ਤਾਂ ਉਸ ਵਿੱਚ 40 ਫ਼ੀਸਦੀ ਸਿੱਖ ਚਿਹਰਿਆਂ ਨੂੰ ਸ਼ਾਮਲ ਕੀਤਾ। ਅੱਜ ਪੰਜਾਬ ਭਾਜਪਾ ਕੋਲ ਬਹੁਤ ਸਾਰੇ ਸਿੱਖ ਚਿਹਰੇ ਹਨ ਪਰ ਪਾਰਟੀ ਵਿੱਚ ਇੰਨੇ ਸਿੱਖ ਚਿਹਰੇ ਹੋਣ ਦੇ ਬਾਵਜੂਦ ਭਾਜਪਾ ਦੇ ਕਿਸੇ ਵੀ ਸਿੱਖ ਆਗੂ ਦਾ ਜ਼ਮੀਨੀ ਸਬੰਧ ਨਹੀਂ ਹੈ। ਕੇਂਦਰ ਸਰਕਾਰ ਵੱਲੋਂ 2020 ਵਿੱਚ ਲਿਆਂਦੇ ਗਏ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਵੱਲੋਂ 9 ਅਗਸਤ 2020 ਨੂੰ ਪਹਿਲਾ ਅੰਦੋਲਨ ਸ਼ੁਰੂ ਕੀਤਾ ਗਿਆ ਸੀ। ਇਹ ਅੰਦੋਲਨ 16 ਮਹੀਨਿਆਂ ਤੱਕ ਚੱਲਿਆ ਅਤੇ 11 ਦਸੰਬਰ 2021 ਨੂੰ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਾਅਦ ਖ਼ਤਮ ਹੋਇਆ। ਪੰਜਾਬ ਦੇ ਭਾਜਪਾ ਆਗੂਆਂ ਨੇ ਇਨ੍ਹਾਂ ਅੰਦੋਲਨਾਂ ਨੂੰ ਰੱਦ ਕਰਵਾਉਣ ਦਾ ਸਿਹਰਾ ਲੈਣ ਲਈ ਨਾ ਤਾਂ ਕੋਈ ਪ੍ਰਚਾਰ ਮੁਹਿੰਮ ਚਲਾਈ ਅਤੇ ਨਾ ਹੀ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਇਹ ਅਹਿਸਾਸ ਕਰਵਾਇਆ ਕਿ ਕੇਂਦਰ ਸਰਕਾਰ ਨੇ ਇਨ੍ਹਾਂ ਖੇਤੀ ਕਾਨੂੰਨਾਂ ਬਾਰੇ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਝੁਕਣ ਦਾ ਫ਼ੈਸਲਾ ਕੀਤਾ ਹੈ।

## ਈ. ਡੀ. ਨੇ ਕੇਜਰੀਵਾਲ ਨੂੰ ਭੇਜਿਆ ਛੇਵਾਂ ਸੰਮਨ, 19 ਫਰਵਰੀ ਨੂੰ ਪੁੱਛਗਿੱਛ 'ਚ ਹੋਵੇਗੀ ਸ਼ਾਮਲ

**ਨਵੀਂ ਦਿੱਲੀ, 14 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਈਡੀ ਨੇ ਸ਼ਰਾਬ ਨੀਤੀ ਮਾਮਲੇ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਛੇਵਾਂ ਸੰਮਨ ਜਾਰੀ ਕਰਕੇ 19 ਫਰਵਰੀ ਨੂੰ ਪੁੱਛਗਿੱਛ ਲਈ ਪੇਸ਼ ਹੋਣ ਲਈ ਕਿਹਾ ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਦਿੱਲੀ ਵਿੱਚ ਈਡੀ ਹੈੱਡਕੁਆਰਟਰ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਸ ਮਾਮਲੇ ਵਿੱਚ ਦਿੱਲੀ ਦੇ ਮੁੱਖ ਮੰਤਰੀ ਨੂੰ ਹੁਣ ਤੱਕ ਪੰਜ ਵਾਰ ਪੁੱਛਗਿੱਛ ਲਈ ਤਲਬ ਕੀਤਾ ਗਿਆ ਸੀ ਪਰ ਉਹ ਇੱਕ ਵਾਰ ਵੀ ਜਾਂਚ ਵਿੱਚ ਸ਼ਾਮਲ ਨਹੀਂ ਹੋਏ। ਇਸ ਤੋਂ ਪਹਿਲਾਂ 2 ਫਰਵਰੀ ਨੂੰ ਸੀਐਮ ਅਰਵਿੰਦ ਕੇਜਰੀਵਾਲ ਈਡੀ ਦੇ ਪੰਜਵੇਂ ਸੰਮਨ ਤੋਂ ਬਾਅਦ ਪੁੱਛਗਿੱਛ ਵਿੱਚ ਸ਼ਾਮਲ ਨਹੀਂ ਹੋਏ ਸਨ, ਜਿਸ ਤੋਂ ਬਾਅਦ ਸੰਮਨ ਦੀ ਪਾਲਣਾ ਨਾ ਕਰਨ ਲਈ ਈਡੀ ਨੇ ਉਨ੍ਹਾਂ ਵਿਰੁੱਧ ਨਵਾਂ ਕੇਸ ਦਰਜ ਕੀਤਾ ਸੀ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਹਰ ਵਾਰ ਈਡੀ ਦੇ ਸੰਮਨਾਂ ਨੂੰ ਗੈਰ-ਕਾਨੂੰਨੀ ਅਤੇ ਰਾਜਨੀਤੀ ਤੋਂ ਪ੍ਰੇਰਿਤ ਦੱਸਦੇ ਰਹੇ। ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਈਡੀ ਦਾ ਮਕਸਦ ਉਨ੍ਹਾਂ ਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਣਾ ਸੀ। ਦਿੱਲੀ ਦੇ ਮੁੱਖ ਮੰਤਰੀ ਨੂੰ ਪਹਿਲੀ ਵਾਰ ਈਡੀ ਨੇ 2 ਨਵੰਬਰ 2023 ਨੂੰ ਸੰਮਨ ਭੇਜਿਆ ਸੀ, ਪਰ ਉਨ੍ਹਾਂ ਨੇ ਇਸ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਦਿਆਂ ਇਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਅਤੇ ਈਡੀ ਅੱਗੇ ਪੇਸ਼ ਹੋਣ ਦੀ ਬਜਾਏ ਉਹ ਮੱਧ ਪ੍ਰਦੇਸ਼ ਦੇ ਸਿੰਗਰੌਲੀ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਨ ਲਈ ਚਲੇ ਗਏ। ਇਸ ਤੋਂ ਬਾਅਦ ਈਡੀ ਨੇ ਨੋਟਿਸ ਜਾਰੀ ਕਰਕੇ 21 ਦਸੰਬਰ 2023 ਨੂੰ ਪੁੱਛਗਿੱਛ ਲਈ ਬੁਲਾਇਆ ਸੀ। ਉਸ ਸਮੇਂ ਕੇਜਰੀਵਾਲ ਪੰਜਾਬ ਦੇ ਹੁਸ਼ਿਆਰਪੁਰ ਵਿੱਚ ਕਿਸੇ ਪ੍ਰੋਗਰਾਮ ਵਿੱਚ ਸਨ ਅਤੇ ਇਸ ਵਾਰ ਵੀ ਉਹ ਨਜ਼ਰ ਨਹੀਂ ਆਏ। ਇਸ ਤੋਂ ਬਾਅਦ ਉਨ੍ਹਾਂ ਨੂੰ 3 ਜਨਵਰੀ, 18 ਜਨਵਰੀ ਅਤੇ ਫਿਰ 2 ਫਰਵਰੀ 2024 ਨੂੰ ਸੰਮਨ ਜਾਰੀ ਕੀਤੇ ਗਏ ਪਰ ਉਹ ਈਡੀ ਸਾਹਮਣੇ ਪੇਸ਼ ਨਹੀਂ ਹੋਏ। ਸੀਬੀਆਈ ਦੀ ਚਾਰਜਸ਼ੀਟ ਅਨੁਸਾਰ ਆਮ ਆਦਮੀ ਪਾਰਟੀ ਨੇ ਸ਼ਰਾਬ ਨੀਤੀ ਨੂੰ ਅੰਤਿਮ ਰੂਪ ਦੇਣ ਲਈ 100 ਕਰੋੜ ਰੁਪਏ ਦੀ ਰਿਸ਼ਵਤ ਲਈ ਸੀ ਅਤੇ ਇਸ ਪੈਸੇ ਦਾ ਵੱਡਾ ਹਿੱਸਾ ਪਾਰਟੀ ਨੇ ਆਪਣੇ ਗੋਆ ਚੋਣ ਪ੍ਰਚਾਰ ਵਿੱਚ ਵਰਤਿਆ ਸੀ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕਥਿਤ ਬੇਨਿਯਮੀਆਂ ਵਿੱਚ ਕੁਝ ਹੋਰ ਗਰੁੱਪ ਸ਼ਾਮਲ ਹਨ। ਇਸ ਮਾਮਲੇ ਵਿੱਚ ਹੁਣ ਤੱਕ ਜਾਂਚ ਏਜੰਸੀ ਨੇ ਆਮ ਆਦਮੀ ਪਾਰਟੀ ਦੇ ਚੋਟੀ ਦੇ ਆਗੂਆਂ, ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਪਿਛਲੇ ਸਾਲ ਤੋਂ ਜੇਲ੍ਹ ਵਿੱਚ ਹਨ।



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l

Contact :

+447458381111

+447976210161

+919729091243




ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਕਿਸਾਨ ਧਰਨੇ ਦੌਰਾਨ ਜ਼ਖਮੀ ਹੋਏ ਵਿਅਕਤੀਆਂ ਦਾ ਸਾਰਾ ਖਰਚਾ ਪੰਜਾਬ ਸਰਕਾਰ ਚੁੱਕੇਗੀ- ਡਾ. ਬਲਬੀਰ ਸਿੰਘ

**ਚੰਡੀਗੜ੍ਹ, 14 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇੱਥੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੇ ਨਾਲ ਡਟ ਕੇ ਖੜ੍ਹੀ ਹੈ ਅਤੇ ਕਿਸਾਨ ਧਰਨੇ ਦੌਰਾਨ ਜ਼ਖ਼ਮੀ ਹੋਏ ਵਿਅਕਤੀਆਂ ਦੇ ਇਲਾਜ ਦਾ ਸਾਰਾ ਖਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਸਿਹਤ ਮੰਤਰੀ ਅੱਜ ਇੱਥੇ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਨੂੰ ਸੂਬੇ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ ਕੀਤੀ ਪੁਲੀਸ ਕਾਰਵਾਈ ਦੌਰਾਨ ਜ਼ਖ਼ਮੀ ਹੋਏ ਕਿਸਾਨਾਂ, ਪੱਤਰਕਾਰਾਂ ਅਤੇ ਪੁਲੀਸ ਮੁਲਾਜ਼ਮਾਂ ਦਾ ਹਾਲ-ਚਾਲ ਜਾਣਨ ਲਈ ਹਰਿਆਣਾ ਸਰਹੱਦ ਨੇੜੇ ਵੱਖ-ਵੱਖ ਸਰਕਾਰੀ ਸਿਹਤ ਸਹੂਲਤਾਂ ਦਾ ਦੌਰਾ ਕਰਨ ਗਏ ਸਨ। ਉਨ੍ਹਾਂ ਨੇ ਮੋਹਾਲੀ ਸਥਿਤ ਡਾ.ਬੀ.ਆਰ.ਅੰਬੇਡਕਰ ਸਟੇਟ ਇੰਸਟੀਚਿਊਟ ਫਾਰ ਮੈਡੀਕਲ ਸਾਇੰਸਜ਼ (ਏ.ਆਈ.ਐਮ.ਐਸ.), ਸੀ.ਐਚ.ਸੀ ਬਨੂੜ, ਸਿਵਲ ਹਸਪਤਾਲ ਰਾਜਪੁਰਾ ਅਤੇ ਰਜਿੰਦਰਾ ਹਸਪਤਾਲ ਪਟਿਆਲਾ ਦਾ ਦੌਰਾ ਕੀਤਾ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪ੍ਰਦਰਸ਼ਨਕਾਰੀ ਕਿਸਾਨਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਹਰਿਆਣਾ ਸਰਹੱਦ ਨਾਲ ਲੱਗਦੇ ਸਾਰੇ ਹਸਪਤਾਲਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ ਅਤੇ ਐਮਰਜੈਂਸੀ ਸੇਵਾਵਾਂ 24 ਘੰਟੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸਹੂਲਤਾਂ ਵਿੱਚ ਡਾਕਟਰਾਂ ਦੀ ਕੋਈ ਕਮੀ ਨਹੀਂ ਹੈ ਅਤੇ ਡਾਕਟਰਾਂ ਨੂੰ ਹਸਪਤਾਲਾਂ ਵਿੱਚ ਹੀ ਮੌਜੂਦ ਰਹਿਣ ਲਈ ਕਿਹਾ ਗਿਆ ਹੈ, ਜਦਕਿ ਸਰਹੱਦ 'ਤੇ ਐਂਬੂਲੈਂਸਾਂ ਦੀ ਤਾਇਨਾਤੀ ਵਧਾ ਦਿੱਤੀ ਗਈ ਹੈ। ਉਨ੍ਹਾਂ ਸਥਾਨਕ ਸਿਹਤ ਅਧਿਕਾਰੀਆਂ ਨੂੰ ਕਿਹਾ ਕਿ ਕਿਸੇ ਵੀ ਹੰਗਾਮੀ ਸਥਿਤੀ ਦੇ ਮੱਦੇਨਜ਼ਰ 14 ਐਂਬੂਲੈਂਸਾਂ ਨੂੰ ਲੋੜੀਂਦੇ ਸਟਾਫ਼ ਅਤੇ ਦਵਾਈਆਂ ਸਮੇਤ ਤਿਆਰ ਰੱਖਿਆ ਜਾਵੇ। ਉਨ੍ਹਾਂ ਦੱਸਿਆ ਕਿ ਸਿਵਲ ਹਸਪਤਾਲ ਰਾਜਪੁਰਾ ਸ਼ੰਭੂ ਬਾਰਡਰ ਦੇ ਨਜ਼ਦੀਕ ਹੋਣ ਕਾਰਨ ਇੱਥੇ ਘੱਟੋ-ਘੱਟ 40 ਜ਼ਖਮੀਆਂ ਨੂੰ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ 'ਚੋਂ ਦੋ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਉਨ੍ਹਾਂ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੇ ਧਰਨੇ ਦੌਰਾਨ ਜ਼ਖ਼ਮੀ ਹੋਏ ਵਿਅਕਤੀਆਂ ਨੂੰ ਮੁਫ਼ਤ ਮੈਡੀਕਲ ਸਹਾਇਤਾ ਯਕੀਨੀ ਬਣਾਏਗੀ। ਡਾ. ਬਲਬੀਰ ਸਿੰਘ ਨੇ ਧਰਨਾਕਾਰੀ ਕਿਸਾਨਾਂ 'ਤੇ ਪੁਲਿਸ ਦੀ ਬੇਲੋੜੀ ਕਾਰਵਾਈ ਲਈ ਹਰਿਆਣਾ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਹਰਿਆਣਾ ਸਰਕਾਰ ਨੂੰ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਲਈ ਦਿੱਲੀ ਜਾ ਰਹੇ ਕਿਸਾਨਾਂ ਨੂੰ ਰੋਕਣ ਦਾ ਕੋਈ ਅਧਿਕਾਰ ਨਹੀਂ ਹੈ।



ਸਰੀਰ ਦਾ ਮਰ ਜਾਣਾ ਮੌਤ ਨਹੀਂ,
ਜ਼ਮੀਰ ਦਾ ਮਰ ਜਾਣਾ ਯਕੀਨਨ ਮੌਤ ਹੈ
-ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ



# ਭਾਈ ਦੀਪ ਸਿੰਘ ਸਿੱਧੂ ਦੀ ਬਰਸੀ ਮੌਕੇ
# ਸ਼ਰਧਾਂਜਲੀ
## ਭੇਂਟ ਕਰਦੇ ਹਾਂ



ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ
ਮੁਖ ਸੇਵਾਦਾਰ ਜੱਥਾ ਠੀਕਰੀਵਾਲ

ਕੌਮੀ ਯੋਧੇ ਭਾਈ ਦੀਪ ਸਿੰਘ ਸਿੱਧੂ ਨੂੰ ਓਨਾ ਦੀ ਦੂਜੀ ਬਰਸੀ ਮੌਕੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ ਜੀ, ਕੌਮ ਵਿੱਚ ਭਾਈ ਸਾਬ ਵਲੋਂ ਲਿਆਂਦੀ ਜਾਗ੍ਰਿਤੀ ਸਿੱਖ ਇਤਿਹਾਸ ਵਿੱਚ ਨਵੀਆਂ ਪੈੜਾਂ ਪਾ ਦਿੱਤੀਆਂ ਹਨ

ਆਵਾਜ਼ਿ ਕੌਮ
AWAZE QAUM
International Newspaper & WEB TV



ਬਿਕਰਮਜੀਤ ਸਿੰਘ
ਵੈਲੀ ਸਕੂਲ



ਸੁਖਦੀਪ ਸਿੰਘ
ਪੁਰਤਗਾਲ



ਗੁਰਬਾਜ ਸਿੰਘ
ਯੂ.ਐਸ.ਏ.



ਜਗਦੀਪ ਸਿੰਘ



ਕਵਲ
ਬੁਲਾਰੀਆ



ਰਾਜਨਬੀਰ
ਸਿੰਘ




ਸਾਜਨਪ੍ਰੀਤ
ਸਿੰਘ ਖੈਰਾ



ਸ਼ਮਸ਼ੇਰ ਸਿੰਘ
ਭੰਗੂ

--★ ਗੁਰੂ ਪੰਥ ਦੇ ਦਾਸ ★--

# ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ
# ਮੁਖ ਸੇਵਾਦਾਰ ਜੱਥਾ ਠੀਕਰੀਵਾਲ




# ਕਿਸਾਨਾਂ ਨੂੰ ਭਰਮਾਹ ਕੇ ਅੰਦੋਲਨ ਕਰਵਾਉਣ ਵਾਲੇ ਕਾਮਰੇਡੀ ਕਿਸਾਨ ਆਗੂਆਂ ਤੇ ਭਾਰਤ ਸਰਕਾਰ ਐਨ. ਐਸ. ਏ. ਲਗਾ ਕੇ ਜੇਲ੍ਹਾਂ 'ਚ ਸੁੱਟੇ : ਭਾਈ ਭਿਓਰਾ



## ਵਿਚਾਰ ਆਪੋ-ਆਪਣਾ

**ਭਾਈ ਭਿਓਰੇ** ਨੇ ਕਿਹਾ ਕਿ ਪੰਜਾਬ ਨੂੰ ਬਾਹਰਲਿਆਂ ਨੇ ਘੱਟ ਆਪਣਿਆਂ ਨੇ ਜ਼ਿਆਦਾ ਬਰਬਾਦ ਕੀਤਾ ਹੈ। ਪਤਾ ਲੱਗਾ ਕਿ ਕਿਸਾਨ ਜੱਥੇਬੰਦੀਆਂ ਨੇ ਦੁਬਾਰਾ ਫਿਰ ਤੋਂ ਦਿੱਲੀ ਵਲ ਕੂਚ ਕਰਨ ਦੀ ਧਮਕੀ ਦਿੱਤੀ ਹੈ ਅਸੀਂ ਇੱਥੇ ਦੱਸਣਾਂ ਚਾਹੁੰਦੇ ਹਾਂ ਕਿ ਕਿਸਾਨ ਜਥੇਬੰਦੀਆਂ ਦੇ 99% ਆਗੂ ਕਾਮਰੇਡੀ ਸੋਚ ਦੇ ਧਾਰਨੀ ਹਨ।13 ਮਹੀਨੇ ਦਿੱਲੀ ਦੀਆਂ ਬਰੂਹਾਂ ਤੇ ਬੈਠ ਕੇ ਇਹਨਾਂ ਆਗੂਆਂ ਨੇ ਕਰੋੜਾਂ ਰੁਪਏ ਇਕੱਠੇ ਕੀਤੇ।ਬਦਲੇ ਵਿੱਚ ਪੰਜਾਬ ਨੂੰ ਸਾਢੇ ਸੱਤ ਸੋ ਦੇ ਕਰੀਬ ਕਿਸਾਨਾਂ ਦੀਆਂ ਲਾਸ਼ਾਂ ਦੇ ਦਿਤੀਆਂ। 13 ਮਹੀਨੇ ਭੁੰਜੇ ਬਹਿ - ਬਹਿ ਕੇ ਆਮ ਲੋਕਾਂ ਦੀਆਂ ਢੂਈਆਂ ਘਿਸ ਗਈਆਂ ਤੇ ਇਹ ਹੋਟਲਾਂ ਚ 13 ਦੇ ਕਮਰਿਆਂ ਚ ਬੈਠ ਕੇ ਮਾਇਆ ਇਕੱਠੀ ਕਰ ਕੇ ਓਹ ਗਏ ਓਹ ਗਏ। ਇਹਨਾਂ ਕਿਸਾਨੀ ਅੰਦੋਲਨ ਵਿੱਚ ਪੰਜਾਬ ਅਤੇ ਵਿਦੇਸ਼ਾਂ ਦੇ ਹਜ਼ਾਰਾਂ ਕਰੋੜ ਰੁਪਏ ਖਰਚ ਹੋ ਗਏ। ਲੱਖਾਂ ਲੀਟਰ ਡੀਜ਼ਲ - ਪੈਟਰੋਲ ਆਵਾ ਜਾਹੀ ਤੇ ਸੜਵਾ ਦਿੱਤਾ।ਪ੍ਰਾਪਤੀ ਕੀ ਰਹੀ ਜ਼ੀਰੋ।ਹੁਣ ਫਿਰ ਕਿਸ ਮੂੰਹ ਨਾਲ ਇਹ ਦੁਬਾਰਾ ਅੰਦੋਲਨ ਕਰਨ ਦੀ ਧਮਕੀ ਦੇ ਰਹੇ ਹਨ। ਜਿਹੜੇ ਕਿਸਾਨ ਹਜੇ ਵੀ ਇਹਨਾਂ ਦੇ ਧਰਨਿਆਂ ਵਿੱਚ ਇਕੱਠੇ ਹੁੰਦੇ ਹਨ ਓਹੋ ਕਿਉਂ ਨਹੀਂ ਇਹਨਾਂ ਨੂੰ ਪੁੱਛਦੇ ਕਿ ਜੇ ਤੁਹਾਡੀਆਂ ਮੰਗਾਂ ਮੰਨੀਆਂ ਹੀ ਨਹੀਂ ਗਈਆਂ ਸੀ ਫਿਰ ਭਰਿਆ ਭਰਾਇਆ ਅੰਦੋਲਨ ਕਿਸ ਨੂੰ ਪੁੱਛ ਕੇ ਚੁੱਕਿਆ ਸੀ।

ਭਾਈ ਭਿਓਰੇ ਨੇ ਕਿਹਾ ਇਹਨਾਂ ਕਾਮਰੇਡੀ ਆਗੂਆਂ ਤੋਂ ਯੂਪੀ ਤੋਂ ਆ ਕੇ ਪੰਜਾਬ ਚ ਚੀਨੀ ਤੋਂ ਗੁੜ ਬਣਾਂ ਕੇ ਵੇਚਣ ਵਾਲੇ ਭਈਏ ਤੇ ਰੋਕ ਨਹੀਂ ਹੁੰਦੇ।ਗੰਨੇ ਦਾ ਮੁੱਲ ਲੈਣ ਵਾਸਤੇ ਧਰਨੇ ਲਾ ਕੇ ਬਹਿ ਜਾਂਦੇ ਹਨ।ਇਹਨਾਂ ਕਾਮਰੇਡਾਂ ਕਰਕੇ ਹੀ ਅੱਜ ਪੰਜਾਬ ਦੀ ਤਰਸਯੋਗ ਹਾਲਤ ਹੈ। ਇਹਨਾਂ ਆਗੂਆਂ ਤੋਂ ਕਿਸਾਨੀ ਅੰਦੋਲਨ ਸੰਭਾਲਿਆ ਹੀ ਨਹੀਂ ਗਿਆ। ਇਹਨਾਂ ਪਿੱਛੇ ਲੱਗ ਕੇ ਪੰਜਾਬ ਦੇ ਲੋਕਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਦੇ ਪੁਤਲੇ ਫੂਕ ਦਿੱਤੇ। ਰਾਵਣ ਦੀ ਜਗ੍ਹਾ ਮੋਦੀ ਦੇ ਬੁੱਤਾਂ ਨੂੰ ਸਾੜ ਦਿੱਤਾ।ਟੋਲ ਟੈਕਸਾਂ ਤੇ ਆਦਮ ਕੱਦ ਬੁੱਤ ਲਾ ਕੇ ਉਸ ਨੂੰ ਜੁੱਤੀਆਂ ਮਾਰ ਕੇ ਪ੍ਰਧਾਨ ਮੰਤਰੀ ਨੂੰ ਅਪਮਾਨਿਤ ਕੀਤਾ। ਅਕਲੋਂ ਹੀਣੇ ਪੰਜਾਬੀਆਂ ਨੇ ਭਾਜਪਾ ਦੇ ਲੀਡਰਾਂ ਦੇ ਕੱਪੜੇ ਪਾੜ ਕੇ ਓਹਨਾਂ ਨੂੰ ਨੰਗਾਂ ਕਰਕੇ ਕੇ ਸ਼ਰੇਆਮ ਸੜਕਾਂ ਤੇ ਘੁਮਾਇਆ। ਜੋਸ਼ ਵਿੱਚ ਪੰਜਾਬ ਦੇ ਲੋਕ ਆਪਣੇ ਹੋਸ਼ ਗਵਾ ਬੈਠੇ। ਇਹਨਾਂ ਨੂੰ ਇੰਨੀ ਵੀ ਅਕਲ ਨਹੀਂ ਕਿ ਤੁਸੀਂ ਦੇਸ਼ ਦੇ ਰਾਜੇ ਦਾ ਅਪਮਾਨ ਕਰ ਰਹੇ ਹੋ। ਜੇ ਸਰਕਾਰਾਂ ਨੇ ਘੱਟ ਨਹੀਂ ਕੀਤਾ ਤੇ ਕਿਸਾਨ ਅੰਦੋਲਨ ਕਰਕੇ ਪੰਜਾਬ ਵਲੋਂ ਮਚਾਇਆ ਉਤਪਾਤ ਵੀ ਦੁਨੀਆਂ ਨੇ ਵੇਖਿਆ ਸੀ। ਇਨਾਂ ਕੁੱਝ ਕਰਕੇ ਫਿਰ ਕਿਹੜੀ ਗਲੋਂ ਆਸ ਲਾਈ ਬੈਠੇ ਹੋ ਕਿ ਸਰਕਾਰ ਤੁਹਾਡੀਆਂ ਸਾਰੀਆਂ ਮੰਗਾਂ ਮੰਨੇਗੀ।ਇਕ ਆਮ ਆਦਮੀ ਅਪਣੀ ਕੀਤੀ ਬੇਇਜ਼ਤੀ ਨਹੀਂ ਭੁੱਲਦਾ ਓਹੋ ਤਾਂ ਫਿਰ ਪ੍ਰਧਾਨ ਮੰਤਰੀ ਹੈ। ਅਸੀਂ ਕਿਸਾਨਾਂ ਦੇ ਵਿਰੁੱਧ ਨਹੀਂ ਹਾਂ ਪਰ ਜੋ ਗਲਤ ਹੈ ਓਹੋ ਗ.ਲਤ ਹੈ।

ਭਾਈ ਭਿਉਰੇ ਨੇ ਭਾਰਤ ਸਰਕਾਰ ਨੂੰ ਕਿਹਾ ਕਿ ਕਿਸਾਨਾਂ ਨੂੰ ਉਹਨਾਂ ਦਾ ਬਣਦਾ ਹੱਕ ਤੇ ਮਾਨ ਸਨਮਾਨ ਦਿੱਤਾ ਜਾਵੇ ਕਿਉਂਕਿ ਓਹੋ ਦਿਨ ਰਾਤ ਮੇਹਨਤ ਕਰਕੇ ਫਸਲਾਂ ਨੂੰ ਅਪਣੇ ਬੱਚਿਆਂ ਵਾਂਗ ਪਾਲਦਾ ਹੈ ਲੇਕਿਨ ਅਸੀਂ ਨਾਲ ਦੀ ਨਾਲ ਭਾਰਤ ਸਰਕਾਰ ਨੂੰ ਇਹ ਵੀ ਅਪੀਲ ਕਰਦੇ ਹਾਂ ਕਿ ਕਿਸਾਨਾਂ ਨੂੰ ਬੇ ਵਜ੍ਹਾ ਉਕਸਾਉਣ ਵਾਲੇ ਕਾਮਰੇਡੀ ਕਿਸਾਨ ਆਗੂਆਂ ਦੇ ਵੀ ਨਕੇਲ ਕਸੇ।ਜੇ ਇਹ ਦੁਬਾਰਾ ਕਿਸਾਨਾਂ ਨੂੰ ਭੜਕਾ ਕੇ ਓਹਨਾਂ ਦਾ ਮੁੱਖ ਦਿੱਲੀ ਵੱਲ ਨੂੰ ਕਰਦੇ ਹਨ ਤਾਂ ਇਹਨਾਂ ਨੂੰ ਥਾਣਿਆਂ ਵਿੱਚ ਪੱਟੇ ਫੇਰੇ ਜਾਣ। ਇਹਨਾਂ ਦੀ ਢੂਈ ਰੰਗ ਬਿਰੰਗੀ ਕਰਕੇ ਐਨ. ਐਸ. ਏ. ਲਾ ਕੇ ਇਹਨਾਂ ਨੂੰ ਜੇਲ੍ਹਾਂ ਚ ਸੁੱਟਿਆ ਜਾਵੇ।ਭਾਰਤ ਸਰਕਾਰ ਕਿਸਾਨਾਂ ਦੀਆਂ ਫਸਲਾਂ ਦਾ ਓਹਨਾਂ ਨੂੰ ਵਾਜਿਬ ਮੁੱਲ ਦਵੇ।ਕਿਸਾਨ ਭੁਖਿਆਂ ਦਾ ਢਿੱਡ ਭਰਨ ਵਾਲਾ ਹੈ।ਇਸ ਦੇ ਆਪਣੇ ਵੀ ਖਰਚੇ ਹਨ ਇਹ ਵੀ ਆਪਣੇਂ ਧੀਆਂ-ਪੁੱਤਾਂ ਦਾ ਵਿਆਹ ਰਾਜੇ ਮਹਾਰਾਜਿਆਂ ਵਾਂਗੂੰ ਕਰਣ ਦਾ ਹੱਕ ਰੱਖਦਾ ਹੈ। ਸਰਕਾਰ ਕਿਸਾਨਾਂ ਨੂੰ ਗਲ ਨਾਲ ਲਾਵੇ ਕਰਤਾਰ ਤੁਹਾਡਾ ਭਲਾ ਕਰੇਗਾ।

**-ਅਵਤਾਰ ਸਿੰਘ ਭਿਓਰਾ**

ਆਵਾਜ਼ਿ ਕੌਮ AWAZE QAUM
International Newspaper & WEB TV







# ਪੰਜਾਬ ਅਤੇ ਸੈਂਟਰ ਦੀਆਂ ਖੇਤੀਬਾੜੀ ਨੀਤੀਆਂ ਤੇ ਅਮਲਾਂ ਨੇ ਜ਼ਿੰਮੀਦਾਰਾਂ ਕਿੱਤੇ ਦਾ ਤ੍ਰਾਹ ਕੱਢਕੇ ਰੱਖ ਦਿੱਤਾ ਹੈ : ਮਾਨ



**ਫ਼ਤਹਿਗੜ੍ਹ ਸਾਹਿਬ, 14 ਫਰਵਰੀ (ਆਵਾਜ਼ਿ ਕੌਮ ਬਿਊਰੋ)**-"ਜ਼ਿੰਮੀਦਾਰਾਂ ਕਿਸਾਨੀ ਕਿੱਤਾ ਬਹੁਤ ਹੀ ਦਿਨ-ਰਾਤ ਦੀ ਮਿਹਨਤ ਅਤੇ ਅਤਿ ਦੀ ਸਰਦੀ-ਗਰਮੀ ਦੇ ਮੌਸਮ ਵਿਚ ਵੀ ਆਪਣੀ ਫ਼ਸਲ ਦੀ ਦੇਖਭਾਲ ਕਰਨ ਹਿੱਤ ਜ਼ਿੰਮੀਦਾਰ ਨੂੰ ਆਪਣੀ ਫ਼ਸਲ ਪਾਲਣ ਲਈ ਬਹੁਤ ਮੁਸਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਪਰ ਦੁੱਖ ਅਤੇ ਅਫ਼ਸੋਸ ਹੈ ਕਿ ਪੰਜਾਬ ਸਰਕਾਰ ਤੇ ਸੈਂਟਰ ਦੀਆਂ ਕਿਸਾਨ, ਖੇਤ-ਮਜਦੂਰ ਪ੍ਰਤੀ ਅਪਣਾਈਆ ਦਿਸ਼ਾਹੀਣ ਨੀਤੀਆ ਦੀ ਬਦੌਲਤ ਜ਼ਿੰਮੀਦਾਰਾਂ ਦੀ ਪੈਦਾਵਾਰ ਦੀ ਸਹੀ ਕੀਮਤ ਪ੍ਰਦਾਨ ਨਾ ਕਰਕੇ ਅਤੇ ਉਨ੍ਹਾਂ ਦੀਆਂ ਉਤਪਾਦ ਫਸਲਾਂ ਅਤੇ ਸਬਜੀਆਂ ਆਦਿ ਦੀ ਕੌਮਾਂਤਰੀ ਮੰਡੀ ਵਿਚ ਵਿਕਰੀ ਕਰਨ ਦੇ ਮੌਕੇ ਪ੍ਰਦਾਨ ਨਾ ਕਰਨ ਦੀ ਬਦੌਲਤ ਜਿੰਮੀਦਾਰਾਂ ਕਿੱਤਾ ਤਬਾਹ ਕਰਕੇ ਰੱਖ ਦਿੱਤਾ ਹੈ ਅਤੇ ਜਿੰਮੀਦਾਰ ਵਰਗ ਇਸਦੀ ਬਦੌਲਤ ਤ੍ਰਾਹ-ਤ੍ਰਾਹ ਕਰ ਰਿਹਾ ਹੈ । ਜਿਸ ਲਈ ਪੰਜਾਬ ਤੇ ਸੈਂਟਰ ਦੀਆਂ ਦੋਵੇ ਸਰਕਾਰਾਂ ਸਿੱਧੇ ਤੌਰ ਤੇ ਜਿੰਮੇਵਾਰ ਹਨ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿੰਨੂ ਪੈਦਾ ਕਰਨ ਵਾਲੇ ਕਿਸਾਨਾਂ, ਜਿੰਮੀਦਾਰਾਂ ਦੀ ਕਿੰਨੂ ਦੀ ਫ਼ਸਲ ਦੀ ਨਾਮਾਤਰ ਕੀਮਤ ਦੇਣ ਉਤੇ ਦੋਵੇ ਸਰਕਾਰਾਂ ਦੀਆਂ ਨੀਤੀਆ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਜਿੰਮੀਦਾਰਾਂ ਪ੍ਰਤੀ ਅਪਣਾਏ ਜਾ ਰਹੇ ਵਤੀਰੇ ਨੂੰ ਤੁਰੰਤ ਕਿਸਾਨ ਪੱਖੀ ਕਰਨ ਦੀ ਜੋਰਦਾਰ ਆਵਾਜ ਉਠਾਉਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜਦੋਂ ਸਰਦੀ ਦੇ ਦਿਨਾਂ ਵਿਚ ਰੂਸ ਅਤੇ ਹੋਰ ਯੂਰਪਿੰਨ ਮੁਲਕਾਂ ਵਿਚ ਬਰਫ ਪੈ ਰਹੀ ਹੈ ਤਾਂ ਇਹ ਕਿੰਨੂ ਦੀ ਫਸਲ ਇਨ੍ਹਾਂ ਮੁਲਕਾਂ ਵਿਚ ਜਾਂਦੀ ਹੈ । ਦੂਸਰਾ ਸਾਡੇ ਇਥੇ ਹਾਲੈਂਡ ਤੋ ਵੀ ਵਧੀਆ ਕਿਸਮ ਦਾ ਆਲੂ ਦਾ ਬੀਜ ਤਿਆਰ ਹੁੰਦਾ ਹੈ, ਜਿਸ ਨੂੰ ਬਾਹਰਲੇ ਮੁਲਕਾਂ ਵਿਚ ਭੇਜਣ ਲਈ ਅਸੀ ਪੰਜਾਬ ਦੇ ਜਲੰਧਰ ਤੇ ਹੋਰ ਕਈ ਇਲਾਕਿਆ ਵਿਚ ਏ.ਸੀ. ਬੋਗੀਆ ਸਪਲਾਈ ਲਈ ਮੰਗ ਕੀਤੀ ਸੀ ਜਿਸ ਉਤੇ ਕੋਈ ਗੌਰ ਨਹੀ ਕੀਤੀ ਗਈ । ਕਿੰਨੂ, ਆਲੂ ਦੇ ਵਧੀਆ ਕਿਸਮ ਦੇ ਬੀਜ ਅਤੇ ਹੋਰ ਖੇਤੀ ਉਤਪਾਦਾਂ ਨੂੰ ਉਤਸਾਹਿਤ ਕਰਨ ਲਈ ਸੈਂਟਰ ਸਰਕਾਰ ਵੱਲੋ ਕੋਈ ਅਮਲ ਤੇ ਨੀਤੀ ਨਹੀ ਅਪਣਾਈ ਜਾ ਰਹੀ । ਜੋ ਹੋਰ ਵੀ ਹਕੂਮਤੀ ਦੁੱਖਦਾਇਕ ਵਰਤਾਰਾ ਹੈ । ਉਨ੍ਹਾਂ ਕਿਹਾ ਕਿ ਅਸੀ ਲੰਮੇ ਸਮੇ ਤੋ ਸੈਂਟਰ ਤੇ ਪੰਜਾਬ ਦੀਆਂ ਸਰਕਾਰਾਂ ਨੂੰ ਲਿਖਤੀ ਪੱਤਰਾਂ ਰਾਹੀ ਅਤੇ ਮੀਡੀਏ ਰਾਹੀ ਆਵਾਜ ਉਠਾਕੇ ਨਿਰੰਤਰ ਕਹਿੰਦੇ ਆ ਰਹੇ ਹਾਂ ਕਿ ਉਹ ਪਾਕਿਸਤਾਨ ਨਾਲ ਲੱਗਦੀਆਂ ਕੌਮਾਂਤਰੀ ਸਰਹੱਦਾਂ ਜਿਵੇ ਅਟਾਰੀ, ਵਾਹਗਾ, ਸੁਲੇਮਾਨਕੀ, ਹੁਸੈਨੀਵਾਲਾ ਖੇਤੀ ਪੈਦਾਵਾਰ ਅਤੇ ਵਪਾਰੀਆਂ ਤੇ ਉਦਯੋਗਪਤੀਆਂ ਵੱਲੋ ਬਣਾਈਆ ਜਾਣ ਵਾਲੀਆ ਵਸਤਾਂ ਦੀ ਖੁੱਲ੍ਹੀ ਵਿਕਰੀ ਲਈ ਇਹ ਸਰਹੱਦਾਂ ਵਪਾਰ ਲਈ ਖੋਲ੍ਹੀਆ ਜਾਣ ਤਾਂ ਕਿ ਦੋਵੇ ਕਿਸਾਨ, ਉਦਯੋਗਪਤੀ ਤੇ ਵਪਾਰੀ ਵਰਗ ਆਪਣੀਆ ਉਤਪਾਦ ਵਸਤਾਂ ਪਾਕਿਸਤਾਨ, ਭੂਟਾਨ, ਬੰਗਲਾਦੇਸ਼, ਸ੍ਰੀਲੰਕਾ, ਵੈਸਟ ਬੰਗਾਲ, ਮਾਲਦੀਵ ਮੁਲਕਾਂ ਵਿਚ ਅਤੇ ਹੋਰ ਯੂਰਪਿੰਨ ਮੁਲਕਾਂ ਵਿਚ ਆਪਣੇ ਉਤਪਾਦਾਂ ਨੂੰ ਉੱਚੀਆ ਕੀਮਤਾਂ ਤੇ ਵੇਚਕੇ ਲਾਭ ਪ੍ਰਾਪਤ ਕਰ ਸਕਣ ਅਤੇ ਆਪਣੀ ਆਰਥਿਕਤਾ ਨੂੰ ਮਜਬੂਤ ਕਰ ਸਕਣ । ਕਿਉਂਕਿ ਪੰਜਾਬ ਦੀਆਂ ਸਰਹੱਦਾਂ ਰਾਹੀ ਇਨ੍ਹਾਂ ਵਸਤਾਂ ਦਾ ਵਪਾਰ ਕਰਨ ਦੇ ਟਰਾਸਪੋਰਟ ਖਰਚੇ ਸਭ ਤੋ ਘੱਟ ਹਨ । ਪਰ ਸੈਂਟਰ ਦੇ ਖੇਤੀਬਾੜੀ ਵਜੀਰ ਸ੍ਰੀ ਨਰਿੰਦਰ ਤੋਮਰ ਅਤੇ ਇੰਡੀਆ ਦੇ ਵਜੀਰ ਏ ਆਜਮ ਸ੍ਰੀ ਮੋਦੀ ਕਿਸਾਨਾਂ ਅਤੇ ਵਪਾਰੀਆ ਦੀ ਆਰਥਿਕਤਾ ਨੂੰ ਮਜਬੂਤ ਕਰਨ ਦੀ ਬਜਾਇ ਅਜਿਹੀਆ ਨੀਤੀਆ ਤੇ ਅਮਲ ਕਰ ਰਹੇ ਹਨ ਜਿਸ ਨਾਲ ਉਨ੍ਹਾਂ ਦੀ ਆਰਥਿਕਤਾ ਨੂੰ ਡੂੰਘੀ ਸੱਟ ਵੱਜਦੀ ਹੈ । ਉਨ੍ਹਾਂ ਵੇਰਵਾ ਦਿੰਦੇ ਹੋਏ ਕਿਹਾ ਕਿ ਸ੍ਰੀ ਨਰਿੰਦਰ ਮੋਦੀ ਇੰਡੀਆ ਦੇ ਵਜੀਰ ਏ ਆਜਮ ਹਨ ਨਾ ਕਿ ਇਕੱਲੇ ਗੁਜਰਾਤ ਦੇ । ਲੇਕਿਨ ਉਹ ਬੀਤੇ 10 ਸਾਲਾਂ ਤੋਂ ਸਭ ਕੁਝ ਵੱਡੇ-ਵੱਡੇ ਉਦਯੋਗ, ਇੰਡਸਟਰੀ, ਵਪਾਰ, ਜਹਾਜ, ਸਮੁੰਦਰੀ ਬੇੜਿਆ ਦੇ ਕਾਰੋਬਾਰ ਨੂੰ ਕੇਵਲ ਤੇ ਕੇਵਲ ਗੁਜਰਾਤ ਵਿਚ ਹੀ ਲਿਜਾ ਰਹੇ ਹਨ, ਜਿਵੇਕਿ ਉਨ੍ਹਾਂ ਦੀ ਜਿੰਮੇਵਾਰੀ ਕੇਵਲ ਗੁਜਰਾਤੀਆ ਨੂੰ ਹੀ ਪ੍ਰਫੁੱਲਿਤ ਕਰਨ ਦੀ ਹੋਵੇ । ਜੋ ਬਤੌਰ ਵਜੀਰ ਏ ਆਜਮ ਬਹੁਤ ਵੱਡੇ ਵਿਤਕਰੇ ਵਾਲੇ ਅਤੇ ਗੈਰ ਜਿੰਮੇਵਰਾਨਾ ਅਮਲ ਹਨ । ਉਨ੍ਹਾਂ ਇਹ ਵੀ ਕਿਹਾ ਕਿ ਗੁਜਰਾਤ ਪਾਕਿਸਤਾਨ ਦੀ ਸਰਹੱਦ ਨਾਲ ਲੱਗਦਾ ਸੂਬਾ ਹੈ । ਜਦੋਕਿ ਪਾਕਿਸਤਾਨ ਇੰਡੀਆ ਦਾ ਦੁਸਮਣ ਮੁਲਕ ਹੈ । ਇੰਡੀਆ ਹਮੇਸ਼ਾਂ ਪਾਕਿਸਤਾਨ ਦਾ ਨਾਮ ਲੈਕੇ ਉਸ ਨੂੰ ਭੰਡਦਾ ਰਹਿੰਦਾ ਹੈ । ਉਹ ਕਿਸੇ ਸਮੇ ਵੀ ਮੰਦਭਾਵਨਾ ਅਧੀਨ ਗੁਜਰਾਤ ਉਤੇ ਹਮਲਾ ਕਰਕੇ ਸਭ ਉਦਯੋਗ, ਇੰਡਸਟਰੀ ਤਬਾਹ ਕਰ ਸਕਦੇ ਹਨ, ਫਿਰ ਇਕੱਲੇ ਗੁਜਰਾਤ ਨੂੰ ਹੀ ਸਭ ਵਸਤਾਂ ਦਾ ਹੱਬ ਕਿਉਂ ਬਣਾਇਆ ਜਾ ਰਿਹਾ ਹੈ ? ਪੰਜਾਬ ਵਰਗੇ ਅਮੀਰ ਸੂਬੇ ਨਾਲ ਇਹ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ?

ਆਵਾਜ਼ਿ ਕੌਮ
AWAZE QAUM
International Newspaper & WEB TV

ਪੰਥ ਪ੍ਰਸਿੱਧ ਜਥੇਬੰਦੀ ਸਬਦ ਸਚੀ ਟਕਸਾਲ ॥
ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫ਼ਤਹਿ॥ WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ



ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।



✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446

ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਦੇਗ ਤੇਗ ਫਤਹਿ॥ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਪੰਥ ਕੀ ਜੀਤ॥

# ਧੰਨ-ਧੰਨ 108
# ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ ਦਿਹਾੜਾ
# ਮਿਤੀ 16, 17, 18 ਫ਼ਰਵਰੀ 2024 ਨੂੰ

ਗੁਰਦਵਾਰਾ ਸਾਹਿਬ ਬਾਬਾ ਸੰਗ ਜੀ ਸਮੈਦਿਕ (ਬਰਮਿੰਘਮ) ਵਿਖੇ ਮਨਾਇਆ ਜਾ ਰਿਹਾ ਹੈ।



## ਵਿਸ਼ੇਸ਼ ਪ੍ਰੋਗਰਾਮ:

16-2-2024 ਦਿਨ ਸ਼ੁਕਰਵਾਰ
ਅਰੰਭ ਦੋ ਸ੍ਰੀ ਅਖੰਡ ਪਾਠ ਸਾਹਿਬ ਜੀ 11 ਵਜੇ ਸਵੇਰੇ।
18-2-2024 ਦਿਨ ਐਤਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10 ਵਜੇ ਸਵੇਰੇ।

16-17 ਫ਼ਰਵਰੀ ਨੂੰ 7 ਤੋਂ 8 ਵਜੇ ਤਕ ਸ਼ਾਮ ਦੇ ਦੀਵਾਨ ਸਜਣਗੇ
ਭੋਗ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ ਜਿਸ ਵਿਚ ਬੁਲਾਰੇ ਅਤੇ ਹੋਰ ਗੁਣੀ ਗਿਆਨੀ ਸੰਗਤਾਂ ਨੂੰ ਵਾਰਾਂ ਰਾਹੀਂ ਨਿਹਾਲ ਕਰਨਗੇ।
ਇਸ ਮੌਕੇ ਗੁਰੂ ਕਾ ਲੰਗਰ ਤਿੰਨੋ ਦਿਨ ਅਤੁੱਟ ਵਰਤੇਗਾ।
ਸਮੂਹ ਸੰਗਤ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਧਾਰਮਿਕ ਸਮਾਗਮ ਵਿਚ ਹੁੰਮ ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**ਵਲੋਂ:-** ਸਮੂਹ ਸੰਗਤ ਅਤੇ ਨਗਰ ਨਿਵਾਸੀ ਪਿੰਡ ਬੱਲੋਵਾਲ (ਸ਼ਹੀਦ ਭਗਤ ਸਿੰਘ ਨਗਰ) ਅਤੇ ਗੁਰਦਵਾਰਾ ਬਾਬਾ ਸੰਗ ਜੀ ਸਮੈਦਿਕ (ਬਰਮਿੰਘਮ) ਦੀ ਪ੍ਰਬੰਧਕ ਕਮੇਟੀ।

# Gurdwara Baba Sang Ji

7-9 St. Pauls Road, Smethwick, Birmingham, West Midlands B66 1EE Tel: 0121 558 2681



ਗੁਰੂਘਰ ਦੇ ਮਹਾਨ ਸਿੱਖ ਭਾਈ ਮਰਦਾਨਾ ਜੀ ਦੀ ਯਾਦ ਨੂੰ ਸਮਰਪਿਤ
ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦੀ ਸੁਚੱਜੀ ਦੇਖ ਰੇਖ ਹੇਠ
ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਮਹਾਨ ਸਿੱਖ ਭਾਈ ਮਰਦਾਨਾ ਜੀ
ਸਲਾਨਾ ਗੁਰਮਤਿ ਸਮਾਗਮ
21 ਲੋੜਵੰਦ ਪ੍ਰੀਵਾਰਾਂ ਦੀਆਂ ਲੜਕੀਆਂ ਦੇ ਵਿਆਹ
ਸਥਾਨ: ਗੁਰਦੁਆਰਾ ਸ਼੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਨੇੜੇ ਕਾਲਾਂਵਾਲੀ ਮੰਡੀ, ਜਿਲ੍ਹਾ ਸਿਰਸਾ (ਹਰਿਆਣਾ) ਵਿਖੇ
ਅਨੰਦ ਕਾਰਜ ਅਤੇ ਗੁਰਮਤਿ ਸਮਾਗਮ
ਮਿਤੀ 18 ਫਰਵਰੀ 2024
ਸਵੇਰੇ 10 ਤੋਂ ਸ਼ਾਮ 3 ਵਜੇ ਤੱਕ
ਸਭਾਗੀਆਂ 21 ਬੱਚੀਆਂ ਨੂੰ ਘਰ ਦੇ ਵਰਤੋਂ ਵਿਹਾਰ ਦਾ ਸਮਾਨ ਦੇ ਕੇ ਵਿਦਾ ਕੀਤਾ ਜਾਵੇਗਾ
ਆਵਾਜ਼ਿ ਕੌਮ AWAZE QAUM International Newspaper & WEB TV
ਸਤਿਕਾਰਯੋਗ ਸੰਤ ਮਹਾਂਪੁਰਖ ਸਮਾਗਮ ਵਿੱਚ 21 ਸੁਭਾਗੇ ਜੋੜਿਆਂ ਨੂੰ ਅਸ਼ੀਰਵਾਦ ਦੇਣਗੇ
ਬਾਬਾ ਜਗਤਾਰ ਸਿੰਘ ਸਿਰਸਾ ਕਾਰ ਸੇਵਾ ਵਾਲੇ
ਬਾਬਾ ਅਮਰੀਕ ਸਿੰਘ ਕਾਰ ਸੇਵਾ ਪਟਿਆਲਾ ਵਾਲੇ
ਸੰਤ ਰਜਿੰਦਰ ਸਿੰਘ ਇਸਰਾਣਾ ਸਾਹਿਬ ਵਾਲੇ
ਸੰਤ ਸੁੱਖਾ ਸਿੰਘ ਮੁਖੀ ਸੰਪਰਦਾਇ ਸਰਹਾਲੀ ਸਾਹਿਬ
ਸੰਤ ਕਾਹਨ ਸਿੰਘ ਸੇਵਾਪੰਥੀ ਗੋਨਿਆਣਾ ਵਾਲੇ
ਸੰਤ ਹਾਕਮ ਸਿੰਘ ਸਰਹਾਲੀ ਸਾਹਿਬ ਵਾਲੇ
ਸੰਤ ਸੁੱਖਾ ਸਿੰਘ ਕਾਰ ਸੇਵਾ ਕਰਨਾਲ ਵਾਲੇ
ਸੰਤ ਮਨਮੋਹਨ ਸਿੰਘ ਬਾਰਨ ਵਾਲੇ
ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ
ਸੰਤ ਹਰੀ ਸਿੰਘ ਨਾਨਕਸਰ ਜੀਰੇ ਵਾਲੇ
ਸੰਤ ਪ੍ਰੀਤਮ ਸਿੰਘ ਰਾਜਪੁਰਾ ਵਾਲੇ
ਸੰਤ ਰਣਜੀਤ ਸਿੰਘ ਸੇਵਾਪੰਥੀ ਕਲਾਨੌਰ ਵਾਲੇ
ਸੰਤਰੇਨ ਬਾਬਾ ਲਖਬੀਰ ਸਿੰਘ ਲਲੌਂਡੇ ਵਾਲੇ
ਬਾਬਾ ਪ੍ਰਦੀਪ ਸਿੰਘ ਚਾਂਦਪੁਰਾ ਵਾਲੇ
ਬਾਬਾ ਭਗਵੰਤ ਸਿੰਘ ਢੀਂਡਸੇ ਵਾਲੇ
ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ ਵਾਲੇ
ਬਾਬਾ ਗੁਰਪਾਲ ਸਿੰਘ ਚੋਰਮਾਰ ਵਾਲੇ
ਸੰਤ ਗੁਰਪਾਲ ਸਿੰਘ 18 ਐਫ ਰਾਜਸਥਾਨ ਵਾਲੇ
ਬਾਬਾ ਹਰਜਿੰਦਰ ਸਿੰਘ ਬਲਾਚੌਰ ਵਾਲੇ
ਸੰਤ ਸੁਖਦੇਵ ਸਿੰਘ ਨਾਨਕਸਰ ਪਟਿਆਲਾ ਵਾਲੇ
ਬਾਬਾ ਲਾਲ ਸਿੰਘ ਭੀਖੀ ਵਾਲੇ
ਬਾਬਾ ਜੀਵਨ ਸਿੰਘ ਚੁਨਾਗਰੇ ਵਾਲੇ
ਬਾਬਾ ਸੁਖਵਿੰਦਰ ਸਿੰਘ ਘੱਗਾ ਵਾਲੇ
ਬਾਬਾ ਨਾਇਬ ਸਿੰਘ ਬਹਾਦੁਰਗੜ੍ਹ ਵਾਲੇ
ਬਾਬਾ ਜਗਜੀਤ ਸਿੰਘ ਜੀ ਕਕਰਾਲੇ ਵਾਲੇ
ਬਾਬਾ ਜਗੀਰ ਸਿੰਘ ਕਾਹਨੂੰਵਾਨ ਛੰਭ ਵਾਲੇ
ਬਾਬਾ ਪ੍ਰਿਤਪਾਲ ਸਿੰਘ ਮਲੇਸ਼ੀਆ ਵਾਲੇ
ਬਾਬਾ ਗੁਰਪ੍ਰੀਤ ਸਿੰਘ ਮੋਹਲਗੜ੍ਹ ਵਾਲੇ
ਬਾਬਾ ਗੁਰਸੇਵਕ ਸਿੰਘ ਕਲਿਆਣ ਵਾਲੇ
ਬਾਬਾ ਸਰਬਜੋਤ ਸਿੰਘ ਪਟਿਆਲਾ ਵਾਲੇ
ਬਾਬਾ ਬਲਵਿੰਦਰ ਸਿੰਘ ਚਾਂਗਲੀ ਵਾਲੇ
ਬਾਬਾ ਦਰਸ਼ਨ ਸਿੰਘ ਟੌਹੜਾ ਮੁਲੇਪੁਰ ਵਾਲੇ
ਬਾਬਾ ਅਰਜਨ ਸਿੰਘ ਲਹਿਰੀ ਵਾਲੇ
ਬਾਬਾ ਕਰਤਾਰ ਸਿੰਘ ਤਿਲੋਕੇਵਾਲੇ
ਬਾਬਾ ਸਤਨਾਮ ਸਿੰਘ 34 ਸਿੰਘ ਸ਼ਹੀਦਾਂ ਵਾਲੇ
ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਚੇਅਰਮੈਨ, ਸੁੱਖ ਸੇਵਾ ਸਿਮਰਨ ਟਰੱਸਟ (ਰਜਿ) ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਬੇਨਤੀ ਕਰਤਾ: ਸੁਖ ਸੇਵਾ ਸਿਮਰਨ ਟਰੱਸਟ (ਰਜਿ.), ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ ਅਤੇ ਸਮੂੰਹ ਸਾਧ ਸੰਗਤ ਦਾਦੂ ਸਾਹਿਬ ਸਿਰਸਾ ਹਰਿਆਣਾ | 93560-60960




# ਜੇਕਰ ਤੁਹਾਡੀ ਜੇਬ ਵਿਚ ਪੈਸੇ ਜ਼ਿਆਦਾ ਹਨ ਤਾਂ ਮੋਚੀ ਨੂੰ ਦੋ ਰੁਪਏ ਜ਼ਿਆਦਾ ਦੇ ਦੇਣਾ

ਬਹੁਜਨਾਂ ਦੇ ਮਸੀਹਾ,ਮਹਾਂਨਾਇਕ, ਕ੍ਰਾਂਤੀਕਾਰੀ, ਮਹਾਨ ਤਿਆਗੀ,ਮਹਾਨ ਤਪੱਸਵੀ,ਬਹੁਜਨਾਂ ਦੇ ਮਾਰਗ ਦਰਸ਼ਕ ਅਤੇ ਸਾਇੰਸਦਾਨ ਤੋਂ ਬਣੇ ਸਮਾਜਿਕ ਸਾਇੰਸਦਾਨ ਮਾਨਿਆਵਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਤਿਆਗ ਅਤੇ ਸਘੰਰਸ਼ਭਰੀ ਦੀ ਜ਼ਿੰਦਗੀ ਦੀ ਦਾਸਤਾਨ ਨੂੰ ਤੁਹਾਡੇ ਨਾਲ ਸਾਂਝੀ ਕਰਦੇ ਹਾਂ।

ਸਾਹਿਬ ਜਦੋਂ ਪੂਨੇ ਵਿੱਚ ਸੰਘਰਸ਼ ਕਰ ਰਹੇ ਸਨ ਤਾਂ ਜਦੋਂ ਵੀ ਉਨ੍ਹਾਂ ਨੂੰ ਪੰਜਾਬ ਤੋਂ 21$356 ਦੇ ਕਿਸੇ ਵਰਕਰ ਨਾਲ ਗੱਲ ਕਰਨੀ ਪੈਂਦੀ ਸੀ ਤਾਂ ਉਹ ਰੋਪੜ (ਹੁਣ ਜਿਸਦਾ ਨਾਂ ਰੂਪਨਗਰ ਹੈ) ਦੀ ਟੈਲੀਫੋਨ ਐਕਸਚੇਂਜ ਨੂੰ ਫੋਨ ਕਰਦੇ ਸਨ। ਫਿਰ ਬਾਬੂ ਟੇਕਚੰਦ (ਟੈਲੀਫੋਨ ਆਪਰੇਟਰ) ਜਿਸ ਦਾ ਪਿੰਡ ਗੜ੍ਹਸ਼ੰਕਰ ਦੇ ਨੇੜੇ ਸੀ, ਨਾਮ ਚੱਕਾ ਫੁੱਲੂ ਸੀ, ਸਾਹਿਬ ਸਬੰਧਤ ਨੰਬਰ 'ਤੇ ਫੋਨ ਕਰਦੇ ਸੀ। ਜਿਵੇਂ-ਜਿਵੇਂ ਟੇਕ ਚੰਦ ਦੀ ਸਾਹਿਬ ਨਾਲ ਜਾਣ- ਪਛਾਣ ਵਧਦੀ ਗਈ, ਕਈ ਵਾਰ ਸਾਹਿਬ ਆਪ ਹੀ ਉਨ੍ਹਾਂ ਨਾਲ ਮਿਸ਼ਨ ਬਾਰੇ ਗੱਲਾਂ ਕਰਨ ਲੱਗ ਪੈਂਦੇ। ਸਾਹਿਬ ਨੂੰ ਵੀ ਟੇਕ ਚੰਦ ਨਾਲ ਕਾਫੀ ਲਗਾਅ / ਪਿਆਰ ਹੋ ਗਿਆ ਸੀ। ਫਿਰ ਅਜਿਹਾ ਹੋਣ ਲੱਗਾ ਕਿ ਪੰਜਾਬ ਵਿਚ ਜਦੋਂ ਵੀ ਸਾਹਿਬ ਨੇ ਕਿਸੇ ਨਾਲ ਫ਼ੋਨ 'ਤੇ ਗੱਲ ਕਰਨੀ ਹੁੰਦੀ ਤਾਂ ਜਦੋਂ ਹੀ ਟੇਕ ਚੰਦ ਡਿਊਟੀ 'ਤੇ ਹੁੰਦੇ ਸਨ ਉਸ ਵਕਤ ਹੀ ਫ਼ੋਨ ਫ਼ੋਨ ਕਰਦੇ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਅਖ਼ੀਰ 1982 ਵਿੱਚ ਸਾਹਿਬ ਟੇਕਚੰਦ ਨੂੰ ਮਿਲਣ ਲਈ ਸਾਹਿਬ ਖ਼ੁਦ ਚਿੱਟੇ ਰੰਗ ਦੀ ਅੰਬੈਸਡਰ ਕਾਰ ਵਿਚ ਉਸਦੇ ਘਰ ਪਹੁੰਚੇ। ਰਾਤ ਨੂੰ ਸਰਦਾਰ ਕੇਵਲ ਸਿੰਘ ਦੀ ਮਾਤਾ 'ਰਾਮ ਆਸਰੀ' ਨੇ ਬੜੇ ਚਾਅ ਨਾਲ ਕਾਂਸ਼ੀ ਰਾਮ ਜੀ ਲਈ ਖਾਣਾ ਪਕਾਇਆ ਅਤੇ ਸਭ ਤੋਂ ਪਹਿਲਾਂ ਸਾਹਿਬ ਨੂੰ ਪਰੋਸਿਆ। ਜ਼ਿਆਦਾ ਜੋਸ਼ ਵਿਚ ਮਾਂ ਦਾਲ ਵਿਚ ਨਮਕ-ਮਿਰਚ ਪਾਉਣਾ ਭੁੱਲ ਗਈ ਸੀ। ਪਰ ਇੱਥੇ ਸਾਹਿਬ ਨੇ ਇਸ ਗੱਲ ਵੱਲ ਧਿਆਨ ਵੀ ਨਹੀਂ ਦਿੱਤਾ, ਸਗੋਂ ਉਹ ਬੜੇ ਚਾਅ ਨਾਲ ਖਾਣਾ ਖਾਂਦੇ ਰਹੇ।

ਸਾਹਿਬ ਦੇ ਖਾਣੇ ਤੋਂ ਬਾਅਦ ਜਦੋਂ ਬਾਕੀ ਪਰਿਵਾਰ ਰੋਟੀ ਖਾਣ ਬੈਠਿਆ ਤਾਂ ਪਤਾ ਲੱਗਾ ਕਿ ਦਾਲ ਵਿਚ ਨਮਕ-ਮਿਰਚ ਨਹੀਂ ਸੀ। ਪਰ ਸਾਰੇ ਝਿਜਕ ਕੇ ਚੁੱਪ ਰਹੇ। ਕਿਸੇ ਨੇ ਕੁੱਝ ਨਹੀਂ ਕਿਹਾ। ਜਿਉਂ ਜਿਉਂ ਰਾਤ ਡੂੰਘੀ ਹੁੰਦੀ ਗਈ, ਸਾਹਿਬ ਸੌਣ ਲਈ ਚੁਬਾਰੇ ਵਿੱਚ ਚਲੇ ਗਏ। ਪਰ ਚੁਬਾਰੇ ਦੀ ਛੱਤ ਕੱਚੀ ਸੀ। ਰਾਤ ਨੂੰ ਜ਼ੋਰਦਾਰ ਮੀਂਹ ਪਿਆ। ਕਈ ਥਾਵਾਂ ਤੋਂ ਛੱਤ ਤੋਂ ਪਾਣੀ ਟਪਕਣਾ ਸ਼ੁਰੂ ਹੋ ਗਿਆ। ਟਪਕਦੇ ਪਾਣੀ ਤੋਂ ਬਚਣ ਲਈ ਸਾਹਿਬ ਨੇ ਇਧਰ-ਉਧਰ ਮੰਜੀ ਖਿਸਕਾਈ,

ਸਾਹਿਬ ਸਾਰੀ ਰਾਤ ਚੰਗੀ ਤਰ੍ਹਾਂ ਸੌਂ ਨਾ ਸਕਿਆ।

ਸਵੇਰੇ ਕੇਵਲ ਸਿੰਘ ਨੇ ਸਾਹਿਬ ਨੂੰ ਪੁੱਛਿਆ ਕਿ ਤੁਸੀਂ ਨਾਸ਼ਤਾ ਕੀ ਕਰੋਗੇ ? ਸਾਹਿਬ ਨੇ ਸਮੇਂ ਦੀ ਘਾਟ ਮਹਿਸੂਸ ਕਰਦਿਆਂ ਕਿਹਾ ਕਿ ਦਾਲ ਪਕਾਉਣ ਵਿੱਚ ਬਹੁਤ ਸਮਾਂ ਲੱਗੇਗਾ। ਮੈਨੂੰ ਅੰਬ ਦੇ ਅਚਾਰ ਦੇ ਨਾਲ ਦੋ-ਤਿੰਨ ਪ੍ਰਸ਼ਾਦੇ (ਪੰਜਾਬ ਵਿੱਚ ਰੋਟੀ ਨੂੰ ਆਦਰ ਸਹਿਤ ਪ੍ਰਸ਼ਾਦ ਕਿਹਾ ਜਾਂਦਾ ਹੈ, ਗੁਰਦੁਆਰੇ ਵਿੱਚ ਪ੍ਰਸ਼ਾਦਾ ਸ਼ਬਦ ਹਮੇਸ਼ਾ ਰੋਟੀ ਲਈ ਵਰਤਿਆ ਜਾਂਦਾ ਹੈ) ਦਿਓ। ਜਲਦੀ ਰਵਾਨਾ ਹੋਣ ਦਾ ਕਾਰਨ ਦੱਸਦਿਆਂ ਸਾਹਿਬ ਨੇ ਕਿਹਾ ਕਿ ਅਸੀਂ ਹਿਮਾਚਲ ਪ੍ਰਦੇਸ਼ ਵਿੱਚ ਕਿਸੇ ਥਾਂ ਲਈ ਰਵਾਨਾ ਹੋਣਾ ਹੈ। ਉੱਥੇ ਕੁਝ ਲੋਕਾਂ ਨੂੰ ਮਿਲਣਾ ਹੈ।

ਨਾਸ਼ਤਾ ਕਰਨ ਤੋਂ ਤੁਰੰਤ ਬਾਅਦ, ਸਾਹਿਬ ਕੇਵਲ ਸਿੰਘ,ਹਰੀ ਰਾਮ (ਕੇਵਲ ਦੇ ਪਿਤਾ), ਟੇਕਚੰਦ ਅਤੇ ਧਨੀਰਾਮ (ਟੇਕਚੰਦ ਦੇ ਪਿਤਾ) ਦੇ ਨਾਲ ਅੰਬੈਸਡਰ ਕਾਰ ਵਿੱਚ ਹਿਮਾਚਲ ਲਈ ਰਵਾਨਾ ਹੋ ਗਏ।

ਰਸਤੇ ਵਿੱਚ ਇੱਕ ਥਾਂ ਤੇ ਕਾਰ ਪੱਥਰਾਂ ਦੇ ਟੋਏ ਵਿੱਚ ਫਸ ਗਈ। ਪਹੀਆ ਬਾਹਰ ਨਹੀਂ ਆ ਰਿਹਾ ਸੀ। ਡਰਾਈਵਰ ਅਰਜੁਨ ਸਿੰਘ ਯਾਦਵ ਨੇ ਸਾਰਿਆਂ ਨੂੰ ਹੇਠਾਂ ਉਤਰਨ ਲਈ ਕਿਹਾ। ਕਾਂਸ਼ੀ ਰਾਮ ਜੀ ਡੇਢ ਕਿਲੋਮੀਟਰ ਪੈਦਲ ਤੁਰੇ ਹੋਣਗੇ ਜਦੋਂ ਉਨ੍ਹਾਂ ਦੇ ਇੱਕ ਪੈਰ ਦੀ ਸੈਂਡਲ ਦੀ ਬਦਰੀ ਟੁੱਟ ਗਈ। ਸਾਹਿਬ ਨੇ ਦੂਜੀ ਸੈਂਡਲ ਵੀ ਉਤਾਰ ਕੇ ਆਪਣੇ ਹੱਥ ਵਿਚ ਫੜ ਲਈ। ਅਰਜਨ ਸਿੰਘ ਕਿਸੇ ਤਰ੍ਹਾਂ ਪੱਥਰਾਂ ਵਿੱਚੋਂ ਗੱਡੀ ਬਾਹਰ ਕੱਢ ਲਿਆ। ਸਾਰੇ ਕਾਰ ਵਿੱਚ ਸਵਾਰ ਹੋ ਗਏ। ਅੱਗੇ ਇੱਕ ਮੋਚੀ ਦੀ ਦੁਕਾਨ ਦੇਖ ਕੇ ਕਾਂਸ਼ੀ ਰਾਮ ਜੀ ਨੇ ਕਾਰ ਰੋਕਣ ਲਈ ਕਿਹਾ।ਪਰ ਬਾਬੂ ਟੇਕਚੰਦ ਸਾਹਿਬ ਨੂੰ ਨਵੀਂ ਜੁੱਤੀ ਲੈਕੇ ਦੇਣਾ ਚਾਹੁੰਦਾ ਸੀ। ਜਦੋਂ ਉਨ੍ਹਾਂ ਨੇ ਕਾਂਸ਼ੀ ਰਾਮ ਜੀ ਨੂੰ ਬੇਨਤੀ ਕੀਤੀ ਤਾਂ ਉਨ੍ਹਾਂ ਦਾ ਜਵਾਬ ਆਇਆ- ਜੇਕਰ ਤੁਹਾਡੇ ਕੋਲ ਜ਼ਿਆਦਾ ਪੈਸੇ ਹਨ ਤਾਂ ਮੋਚੀ ਨੂੰ ਦੋ ਰੁਪਏ ਜ਼ਿਆਦਾ ਦੇ ਦਿਓ। ਜੁੱਤੀਆਂ ਦੀ ਮੁਰੰਮਤ ਕਰਨ ਤੋਂ ਬਾਅਦ ਜਦੋਂ ਮੋਚੀ ਨੇ ਮਜ਼ਦੂਰੀ ਮੰਗੀ ਤਾਂ ਸਾਹਿਬ ਨੇ ਟੇਕਚੰਦ ਤੋਂ ਦੋ ਰੁਪਏ ਮਜ਼ਦੂਰੀ ਵਜੋਂ ਲੈ ਕੇ ਮੋਚੀ ਨੂੰ ਦੇ ਦਿੱਤੇ। ਮੋਚੀ ਨੇ ਧੰਨਵਾਦ ਕੀਤਾ। ਆਸ਼ੀਰਵਾਦ ਦਿੱਤਾ। ਕੁਝ ਦੇਰ ਵਿਚ ਹੀ ਕਾਰ ਨੇ ਮੰਜ਼ਿਲ ਵੱਲ ਰਫ਼ਤਾਰ ਫੜ ਲਈ।

ਸਾਡਾ ਸਿਆਸੀ ਟੀਚਾ ਇੰਨਾ ਵੱਡਾ ਨਹੀਂ ਹੈ। ਸਮਾਜਿਕ ਪਰਿਵਰਤਨ ਸਭ ਤੋਂ ਵੱਡਾ ਟੀਚਾ ਹੈ - ਸਾਹਿਬ ਕਾਂਸ਼ੀ ਰਾਮ।

ਜੁੱਗ ਪਲਟਾਊ ਬਹੁਜਨ ਮਹਾਂਨਾਇਕ
ਮੈਂ ਕਾਂਸ਼ੀ ਰਾਮ ਬੋਲਦਾ ਹਾਂ ਭਾਗ -2
ਪੰਮੀ ਲਾਲੋ ਮਜਾਰਾ- ਟੁੱਟੀਆਂ ਚੱਪਲਾਂ ਦੇ ਨਿਸ਼ਾਨਾਂ ਦਾ ਖੋਜੀ।

----✶ ਪੇਸ਼ਕਸ਼ ✶----

**ਇੰਜੀਨੀਅਰ ਤੇਜਪਾਲ ਸਿੰਘ**
94177-94756
**ਮੈਡਮ ਸਤਵੰਤ ਕੌਰ (ਮਿਸ਼ਨਰੀ)**
97811-00478

# ਕਿਸਾਨਾਂ ਉੱਤੇ ਹੋਏ ਲਾਠੀਚਾਰਜ ਤੇ ਅੱਥਰੂ ਗੈਸ ਸੁੱਟਣ ਦੀ ਮਨਜੀਤ ਸਿੰਘ ਭੋਮਾ ਨੇ ਕੀਤੀ ਸਖ਼ਤ ਨਿੰਦਾ

## ਸਰਕਾਰ ਕਿਸਾਨਾਂ ਨਾਲ ਬੈਠ ਕੇ ਗੱਲ ਕਰੇ ਤੇ ਕਿਸਾਨੀ ਮਸਲੇ ਦਾ ਹੱਲ ਕਰੇ : ਚੇਅਰਮੈਨ ਭੋਮਾ

**ਨਵੀਂ ਦਿੱਲੀ, 14 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਸਿੰਘੂ ਬਾਰਡਰ ਤੇ ਕਿਸਾਨਾਂ ਉੱਤੇ ਹੋਏ ਲਾਠੀ ਚਾਰਜ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਅਤੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਕਿਸਾਨਾਂ ਨਾਲ ਹਰ ਮੁੱਦੇ ਤੇ ਬੈਠ ਕੇ ਗੱਲ ਕਰੇ ਅਤੇ ਕਿਸਾਨੀ ਸਬੰਧੀ ਸਾਰੇ ਮਸਲੇ ਹੱਲ ਕਰੇ।



ਆਵਾਜ਼ਿ ਕੌਮ AWAZE QAUM International Newspaper & WEB TV

ਉਹਨਾਂ ਕਿਹਾ ਕਿ ਕਿਸਾਨ ਦੇਸ਼ ਦੀ ਰੀੜ ਦੀ ਹੱਡੀ ਹੈ ਜੇਕਰ ਅਸੀਂ ਆਪਣੀ ਰੀੜ ਦੀ ਹੱਡੀ ਆਪ ਹੀ ਤੋੜ੍ਹ ਦੇਵਾਂਗੇ ਤਾਂ ਦੇਸ਼ ਦੀ ਆਰਥਿਕ ਵਿਵਸਥਾ ਦਾ ਲੱਕ ਟੁੱਟ ਜਾਵੇਗਾ। ਜੇਕਰ ਕਿਸਾਨ ਆਪਣੇ ਹੱਕਾਂ ਦੀ ਖਾਤਰ ਆਪਣੀ ਫਸਲਾਂ ਦੀ ਰਾਖੀ ਲਈ ਦਿੱਲੀ ਜਾ ਰਹੇ ਸਨ ਤਾਂ ਸਰਕਾਰ ਨੂੰ ਚਾਹੀਦਾ ਸੀ ਕਿ ਉਹਨਾਂ ਨਾਲ ਖੁਦ ਪੰਜਾਬ ਆ ਕੇ ਗੱਲ ਕਰਦੀ ।ਨਾ ਕਿ ਰਸਤਿਆਂ ਨੂੰ ਬੰਦ ਕਰਕੇ ਬੈਰੀਗੇਟ ਕਰਕੇ ਲਾਠੀਚਾਰਜ ਕਰਕੇ ਅੱਥਰੂ ਗੈਸ ਦੇ ਗੋਲੇ ਕਿਸਾਨਾਂ ਉੱਤੇ ਸੁੱਟ ਕੇ ਉਹਨਾਂ ਨੂੰ ਜਾਂ ਪੰਜਾਬ ਨੂੰ ਦੇਸ਼ ਨਾਲੋਂ ਵੱਖਰੇ ਹੋਣ ਦਾ ਅਹਿਸਾਸ ਕਰਾਉਣ ਦੀ ਬਜਾਏ ਕਿਸਾਨਾਂ ਦੀਆਂ ਫਸਲਾਂ ਨੂੰ ਵੱਧ ਤੋਂ ਵੱਧ ਐਮਐਸਪੀ ਤੇ ਖਰੀਦਣ ਦਾ ਭਰੋਸਾ ਦਿੰਦੀ। ਜਿਹੜਾ ਕਿਸਾਨ ਆਪ ਭੁੱਖਾ ਸੌਂ ਕੇ ਸਾਰੇ ਦੇਸ਼ ਦਾ ਢਿੱਡ ਭਰਦਾ ਅੱਜ ਉਸਨੂੰ ਸ਼ਰੇਆਮ ਡੰਗਰਾਂ ਵਾਂਗੂੰ ਕੁੱਟਿਆ ਗਿਆ ਉਸਦੇ ਉੱਤੇ ਅੱਥਰੂ ਗੈਸ ਦੇ ਗੋਲੇ ਸੁਟੇ ਗਏ ਰਬੜ ਦੀਆਂ ਗੋਲੀਆਂ ਨਾਲ ਉਹਨਾਂ ਤੇ ਫਾਇਰਿੰਗ ਕੀਤੀ ਗਈ ।ਦੋ ਦਰਜਨ ਤੋਂ ਵੱਧ ਕਿਸਾਨ ਜ਼ਖਮੀ ਹਾਲਤ ਵਿਚ ਹਸਪਤਾਲਾਂ ਵਿੱਚ ਦਾਖਲ ਹਨ।ਅੱਥਰੂ ਗੈਸ ਦੇ ਗੋਲੇ ਹੱਥਾਂ ਵਿੱਚ ਫਟਨ ਕਾਰਨ ਕਈ ਵਿਚਾਰੇ ਅੰਗਹੀਣ ਹੋ ਗਏ ਹਨ ਅਤੇ ਕਈਆਂ ਦੀਆਂ ਅੱਖਾਂ ਦੀ ਰੋਸ਼ਨੀ ਚਲੀ ਗਈ ਹੈ। ਇਹ ਸਰਕਾਰ ਦੀ ਬਹੁਤ ਹੀ ਘਟੀਆ ਤੇ ਨਿੰਦਨ ਯੋਗ ਹਰਕਤ ਹੈ। ਉਹਨਾਂ ਕਿਹਾ ਮੈ ਫਿਰ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਕਿਸਾਨਾਂ ਨਾਲ ਗੱਲ ਕਰਕੇ ਹਰ ਮਸਲੇ ਦਾ ਹੱਲ ਛੇਤੀ ਤੋਂ ਛੇਤੀ ਕਢਿਆ ਜਾਵੇ।




ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਯੋਗ ਅਗਵਾਈ 'ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਦੁਨਿਆਵੀ ਵਿਦਿਆ ਲਈ ਨਗਰ ਮਹਿਤਾ ਚੌਂਕ ਵਿਖੇ ਚੱਲ ਰਹੇ ਵੱਖ ਵੱਖ ਅਦਾਰਿਆਂ 'ਚ ਨਵੇਂ ਸਾਲ (2024) ਦੀਆਂ ਕਲਾਸਾਂ ਸ਼ੁਰੂ ਹਨ । ਨਵੇਂ ਵਿਦਿਆਰਥੀ ਦਾਖਲੇ ਲੈ ਕੇ ਦੁਨਿਆਵੀ ਅਤੇ ਧਾਰਮਿਕ ਵਿਦਿਆ ਪ੍ਰਾਪਤ ਕਰੋ ਜੀ।

ਆਵਾਜ਼ਿ ਕੌਮ AWAZE QAUM International Newspaper & WEB TV




# ਪ੍ਰਸਿੱਧ ਕਵੀ ਚਮਨ ਹਰਗੋਬਿੰਦਪੁਰੀ ਦੀ ਯਾਦ 'ਚ ਹੋਇਆ ਕਵੀ ਦਰਬਾਰ, ਪ੍ਰਮੁੱਖ ਕਵੀਆਂ ਨੇ ਭਰੀ ਹਾਜ਼ਰੀ



**ਜਲੰਧਰ, 14 ਫਰਵਰੀ ( ਪਰੂਥੀ)**-ਆਪਣੇ ਸਮੇ ਦੇ ਪ੍ਰਸਿੱਧ ਕਵੀ ਸਵਰਗਵਾਸੀ ਚੰਨਣ ਸਿੰਘ ਚਮਨ ਹਰਗੋਬਿੰਦਪੁਰੀ ਦੀ ਯਾਦ ਵਿੱਚ ਵਲੋਂ ਇਕ ਸ਼ਾਨਦਾਰ ਕਵੀ ਦਰਬਾਰ ਸਥਾਨਕ ਗੁਰੂਦੁਆਰਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ, ਗੁਰੂ ਗੋਬਿੰਦ ਸਿੰਘ ਐਵੀਨਿਊ ਵਿਖੇ ਕਰਵਾਇਆ ਗਿਆ ,ਜਿਸ ਵਿੱਚ ਉਨਾਂ ਨੂੰ ਯਾਦ ਕਰਦਿਆਂ ਪੰਜਾਬ ਦੇ ਪ੍ਰਸਿੱਧ ਕਵੀਆਂ ਨੇ ਹਾਜ਼ਰੀਆਂ ਭਰੀਆਂ। ਬੀਤੀ ਰਾਤ ਸ਼ਾਮ 7 ਵਜੇ ਤੋ ਰਾਤ 9 ਵਜੇ ਤੱਕ ਕਰਵਾਏ ਗਏ ਇਸ ਕਵੀ ਦਰਬਾਰ ਵਿੱਚ ਪੰਜਾਬ ਦੇ ਰਫੀ ਰਛਪਾਲ ਸਿੰਘ ਪਾਲ, ਡਾ: ਇੰਦਰਜੀਤ ਸਿੰਘ ਵਾਸੂ, ਕਰਮਜੀਤ ਸਿੰਘ ਨੂਰ, ਜੋਗਿੰਦਰ ਸਿੰਘ ਕੰਗ ਅਤੇ ਬੀਬੀ ਅਮਿੰਦਰਪ੍ਰੀਤ ਕੌਰ ਰੂਬੀ ਨੇ ਸੰਗਤਾਂ ਨਾਲ ਆਪਣੀਆਂ ਰਚਨਾਂਵਾਂ ਸਾਂਝੀਆਂ ਕੀਤੀਆਂ । ਸਵਰਗਵਾਸੀ ਕਵੀ ਦੀ ਬੇਟੀ ਬੀਬੀ ਸੁਰਿੰਦਰ ਕੌਰ ਨੇ ਵੀ ਉਨਾਂ ਦੀ ਕਵਿਤਾ ਅਤੇ ਬੇਟੇ ਇੰਜੀਨੀਅਰ ਸ਼ਾਮ ਸਿੰਘ ਨੇ ਧਾਰਮਿਕ ਗੀਤ ਦੁਆਰਾ ਆਪਣੇ ਪਿਤਾ ਨੂੰ ਯਾਦ ਕੀਤਾ। ਸਟੇਜ਼ ਦਾ ਸੰਚਾਲਨ ਗੁਰੂਦੁਆਰਾ ਸਾਹਿਬ ਦੇ ਜਨਰਲ ਸਕੱਤਰ ਇਕਬਾਲ ਸਿੰਘ ਨੇ ਬਾਖੂਬੀ ਕੀਤਾ। ਇਸ ਮੌਕੇ ਪ੍ਰਸਿੱਧ ਪੰਥਕ ਵਿਦਵਾਨ ਭਗਵਾਨ ਸਿੰਘ ਜੌਹਲ ਨੇ ਸ੍ਰ: ਹਰਗੋਬਿੰਦਪੁਰੀ ਦੀਆਂ ਧਾਰਮਿਕ ਰਚਨਾਂਵਾਂ ਦੀ ਪੁਸਤੱਕ ''ਅਰਦਾਸ' ਲੋਕ ਅਰਪਣ ਕੀਤੀ। ਪਰਿਵਾਰ ਵਲੋ ਮਿਲੀ ਜਾਣਕਾਰੀ ਅਨੁਸਾਰ ਜਲਦੀ ਹੀ ਉਨਾਂ ਦੀਆਂ ਸਮਾਜਿਕ ਕਵਿਤਾਵਾਂ ਦੀ ਪੁਸਤੱਕ ਲੋਕਾਂ ਦੀ ਸੇਵਾ ਵਿਚ ਹਾਜ਼ਰ ਕੀਤੀ ਜਾਵੇਗੀ। ਸਮਾਗਮ ਦੌਰਾਨ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੱਸਾ ਸਿੰਘ, ਵਿੱਤ ਸਕੱਤਰ ਤਲਵਿੰਦਰ ਸਿੰਘ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਭਾਕਿਯੂ (ਏਕਤਾ-ਉਗਰਾਹਾਂ) ਅਤੇ ਭਾਕਿਯੂ ਡਕੌਂਦਾ (ਧਨੇਰ) ਵੱਲੋਂ ਭਾਜਪਾ ਮੋਦੀ ਸਰਕਾਰ ਦੁਆਰਾ ਦਿੱਲੀ ਜਾ ਰਹੇ ਕਿਸਾਨਾਂ ਦਾ ਸੰਘਰਸ਼ੀ ਹੱਕ ਕੁਚਲਣ ਦੇ ਹੱਥਕੰਡੇ ਬੰਦ ਕਰਨ ਅਤੇ ਕਿਸਾਨੀ ਮੰਗਾਂ ਦੇ ਹੱਕ ਵਿੱਚ ਭਲਕੇ ਪੰਜਾਬ ਵਿੱਚ

# 7 ਥਾਵਾਂ 'ਤੇ 12 ਤੋਂ 4 ਵਜੇ ਤੱਕ ਰੇਲਾਂ ਜਾਮ ਕਰਨ ਦਾ ਐਲਾਨ



**ਚੰਡੀਗੜ੍ਹ, 14 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਭਾਕਿਯੂ (ਏਕਤਾ-ਉਗਰਾਹਾਂ) ਅਤੇ ਭਾਕਿਯੂ ਡਕੌਂਦਾ (ਧਨੇਰ) ਵੱਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਹੱਕੀ ਕਿਸਾਨ ਮੰਗਾਂ ਖਾਤਰ ਸੰਘਰਸ਼ ਲਈ ਦਿੱਲੀ ਵੱਲ ਜਾ ਰਹੇ ਕਿਸਾਨਾਂ ਦਾ ਸੰਘਰਸ਼ੀ ਹੱਕ ਕੁਚਲਣ ਲਈ ਸੜਕਾਂ ਉੱਤੇ ਕੰਧਾਂ ਕੱਢਣ,ਕਿੱਲ ਗੱਡਣ, ਪੇਂਡੂ ਰਸਤੇ ਜਾਮ ਕਰਨ ਅਤੇ ਇੰਟਰਨੈੱਟ ਬੰਦ ਕਰਨ ਤੋਂ ਇਲਾਵਾ ਕਿਸਾਨਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹੀਂ ਡੱਕਣ ਅਤੇ ਉਨ੍ਹਾਂ ਉਤੇ ਅੱਥਰੂ ਗੈਸ, ਲਾਠੀਚਾਰਜ, ਪਲਾਸਟਿਕ ਗੋਲੀਆਂ ਮਾਰਨ ਵਰਗੇ ਜਾਬਰ ਹੱਥਕੰਡੇ ਵਰਤਣ ਵਿਰੁੱਧ ਤਿੱਖਾ ਵਿਸ਼ਾਲ ਰੋਸ ਪ੍ਰਗਟ ਕਰਨ ਲਈ ਭਲਕੇ 15 ਫਰਵਰੀ ਨੂੰ ਪੰਜਾਬ ਭਰ ਵਿੱਚ 7 ਥਾਵਾਂ ਤੇ 12 ਤੋਂ 4 ਵਜੇ ਤੱਕ ਰੇਲਾਂ ਜਾਮ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦੇ ਹੋਏ ਜਥੇਬੰਦੀਆਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਮਨਜੀਤ ਸਿੰਘ ਧਨੇਰ ਵੱਲੋਂ ਪ੍ਰੈੱਸ ਦੇ ਨਾਂ ਸਾਂਝਾ ਬਿਆਨ ਜਾਰੀ ਕਰਦਿਆਂ ਦੱਸਿਆ ਗਿਆ ਹੈ ਕਿ ਇਸ ਸੰਘਰਸ਼ ਵਿੱਚ ਭਾਰਤ ਨੂੰ ਸਾਮਰਾਜੀ ਸੰਸਾਰ ਵਪਾਰ ਸੰਸਥਾ ਵਿੱਚੋਂ ਬਾਹਰ ਕੱਢਣ, ਸਾਰੀਆਂ ਫਸਲਾਂ ਦੀ ਐਮ ਐਸ ਪੀ ਦੀ ਕਾਨੂੰਨੀ ਗਰੰਟੀ, ਕਿਸਾਨਾਂ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ, ਲਖੀਮਪੁਰ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਪੂਰਾ ਇਨਸਾਫ, ਕਿਸਾਨਾਂ ਮਜ਼ਦੂਰਾਂ ਨੂੰ ਬੁਢਾਪਾ ਪੈਨਸ਼ਨ, ਪੂਰੀ ਭਰਪਾਈ ਵਾਲੀ ਫ਼ਸਲੀ ਬੀਮਾ ਸਕੀਮ ਆਦਿ ਕੀਤੀਆਂ ਜਾ ਰਹੀਆਂ ਭਖਦੀਆਂ ਕਿਸਾਨੀ ਮੰਗਾਂ ਮੰਨੇ ਜਾਣ ਉੱਤੇ ਰੇਲਾਂ ਜਾਮ ਦੇ ਰੋਸ ਪ੍ਰਦਰਸ਼ਨਾਂ ਸਮੇਂ ਪੂਰਾ ਜ਼ੋਰ ਦਿੱਤਾ ਜਾਵੇਗਾ। ਕਿਸਾਨ ਆਗੂਆਂ ਵੱਲੋਂ ਪੰਜਾਬ ਭਰ ਦੇ ਕਿਸਾਨਾਂ ਮਜ਼ਦੂਰਾਂ ਨੂੰ ਇਨ੍ਹਾਂ ਰੋਸ ਪ੍ਰਦਰਸ਼ਨਾਂ ਵਿੱਚ ਪਰਵਾਰਾਂ ਸਮੇਤ ਵਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਹੈ ਕਿ 16 ਫ਼ਰਵਰੀ ਨੂੰ ਸਰਵਭਾਰਤੀ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਮੁਤਾਬਕ ਪੂਰੇ ਦੇਸ਼ ਵਿੱਚ ਗ੍ਰਾਮੀਣ ਭਾਰਤ ਬੰਦ ਨੂੰ ਲਾਗੂ ਕਰਨ ਲਈ ਜ਼ੋਰਦਾਰ ਤਿਆਰੀਆਂ ਲਗਾਤਾਰ ਜਾਰੀ ਹਨ।





# ਜੱਦੀ ਮੁਲਕ ਦਾ ਵੀਜ਼ਾ ਤੇ ਵਿਦੇਸ਼ੀ ਨਾਗਰਿਕਤਾ ਦਾ ਜਮਾਂਦਰੂ ਮਿੱਟੀ ਨਾਲ ਪਿਆਰ



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਮੈ ਪਿਛਲੇ ਲੇਖ ਵਿੱਚ ਲਿਖਿਆ ਸੀ ਕਿ ਅਸੀਂ ਪੰਜਾਬੀ , ਭਾਰਤੀ ਲੋਕਾਂ ਨੇ ਬਹੁ ਗਿਣਤੀ ਵਿੱਚ ਆਪਣੀ ਜੱਦੀ -(ਭਾਰਤੀ ) ਨਾਗਰਿਕਤਾ ਨੂੰ ਤਲਾਂਜਲੀ ਦੇ ਕੇ ਬਰਿਟਿਸ਼ , ਯੌਰਪ,ਅਮਰੀਕਾ ,ਕੈਨੇਡਾ ਤੇ ਹੋਰ ਬਾਹਰਲੇ ਦੇਸ਼ਾਂ ਦੀ ਨਾਗਰਿਕਤਾ ਲੈ ਲਈ ਹੈ ।ਹੁਣ ਦੇਸ਼ ਜਾਣ ਸਮੇਂ ਉਹਨਾਂ ਨੂੰ ਵੀਜ਼ਾ ਲੈਣਾ ਪੈਂਦਾ ਹੈ ।ਕਿਉਂਕਿ ਉਹ ਆਪਣੀ ਨਾਗਰਿਕਤਾ ਤਿਆਗਣ ਕਾਰਨ , ਉਹ ਆਪਣੇ ਹੀ ਜੱਦੀ , ਜਨਮ ਭੂਮੀ ਦੇ ਦੇਸ਼ ਵਿਚ ਇਕ ਬਦੇਸ਼ੀ ਬੰਦੇ ਦੇ ਰੂਪ ਹੋ ਚੁੱਕੇ ਹਨ । 1984 ਸਮੇ ਕਾਂਗਰਸ (ਇੰਦਰਾ) ਵੱਲੋਂ ਵਰਤਾਏ ਘੱਲੂਘਾਰੇ ਉਪਰੰਤ ਸਿੱਖਾਂ ਵਾਸਤੇ ਇੱਕ ਦੁਚਿੱਤੀ ਦਾ ਸਮਾਂ ਬਣ ਗਿਆ ਸੀ ।ਉਸ ਸਮੇਂ ਦੀ ਤਾਨਾਸ਼ਾਹ ਸਰਕਾਰ ਵਿਰੁੱਧ ਸਿੱਖ ਰੋਸ ਵਿੱਚ ਉਤਰ ਆਏ ।ਕਾਂਗਰਸ ਦੀ ਰਾਜੀਵ ਸਰਕਾਰ ਨੇ ਉਹਨਾਂ ਹਜ਼ਾਰਾਂ ਸਿੱਖਾਂ ਦੀ ਕਾਲੀ ਸੂਚੀ ਬਣਾ ਦਿੱਤੀ ਕਿ ਉਹ ਭਾਰਤ ਵਿੱਚ ਨਾ ਆ ਸਕਣ ।ਇਸੇ ਤਰਾਂ ਵੀਜਿਆਂ ਤੇ ਕਈ ਪਾਬੰਦੀਆਂ ਲਗਾ ਦਿੱਤੀਆਂ ਸਨ ।ਸਮਾਂ ਬੀਤਦਾ ਗਿਆ ਕਾਗਰਸ ਦੀ ਇਹੀ ਨੀਤੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੱਕ ਵੀ ਕਈ ਹਾਲਾਤਾਂ ਵਿੱਚ ਜਾਰੀ ਰਹੀ ।ਰੋਸ ਵਾਲੇ ਤਾਂ ਇੱਕ ਪਾਸੇ ਆਮ ਲੋਕਾਂ ਨੂੰ ਭੀ ਕਈ ਦਿਕਤਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ।ਬਰਿਟਿਸ਼ ਤੇ ਹੋਰ ਬਦੇਸ਼ੀ ਨਾਗਰਿਕ ਹੋਣ ਕਰਕੇ ਲੋਕ ਆਪਣੇ ਦੇਸ਼ , ਘਰ ਤੇ ਜ਼ਮੀਨਾਂ ਦੀ ਦੇਖ ਰੇਖ ਤੋ ਵਾਂਜੇ ਰਹਿੰਦੇ ਰਹੇ । ਜਦ 2015 ਸਮੇਂ ਬਾਅਦ ਕਾਂਗਰਸੀ ਸੱਤਾ ਤੋਂ ਲਾਂਭੇ ਹੋਈ , ਤਦ ਬੀਜੇਪੀ ਸਰਕਾਰ ਨੇ ਕਾਲੀ ਸੂਚੀ ਨੂੰ ਖਤਮ ਕੀਤਾ ਤੇ ਵੀਜ਼ਿਆਂ ਨੂੰ ਵੀ ਸੁਖਾਲਾ ਕਰ ਦਿੱਤਾ। ਬੀਜੇਪੀ ਸਰਕਾਰ ਨੇ ਆਮ ਤੌਰ ਤੇ ਓ.ਸੀ.ਆਈ ਕਾਰਡ ( ਜੀਵਨ ਭਰ ਦਾ ਵੀਜ਼ਾ) ਜਾਰੀ ਕਰ ਦਿੱਤੇ । ਅੱਜ ਲੋਕ ਵੀਜ਼ਾ ਤੇ ਇਹ ਕਾਰਡ ਦੋਨੋ ਤਰੀਕਿਆਂ ਨਾਲ ਪੰਜਾਬ , ਭਾਰਤ ਆ ਜਾ ਰਹੇ ਹਨ। ਕਈ ਜੋ ਦੇਰ ਬਾਅਦ ਪੰਜਾਬ ਨੂੰ ਜਾਣ ਲੱਗੇ , ਉਹਨਾਂ ਵਿੱਚ ਕੁਝ ਕੁ ਸੱਜਣ ਇਸ ਲੱਗੇ ਵੀਜ਼ੇ ਨੂੰ ਚਾਅ ਨਾਲ "ਮੁਖਧਾਰਾ ਵਿੱਚ " ਸ਼ਾਮਲ ਸਮਝਣ ਲੱਗੇ । ਉਹ ਸ਼ਾਇਦ ਜਾਣ ਨਹੀਂ ਸਕੇ ਕਿ ਬਦੇਸ਼ੀ ਨਾਗਰਿਕ ਦਾ ਭਾਰਤ ਦੀ ਮੁਖਧਾਰਾ ਨਾਲ ਕੋਈ ਸੰਬੰਧ ਨਹੀਂ ਹੈ ।ਵੀਜਾਂ ਤਾਂ ਕਿਸੇ ਵੀ ਕੁਤਾਹੀ ਜਾਂ ਬਹਾਨੇ ਕਰਕੇ ਕੈਂਸਲ ਹੋ ਸਕਦਾ ਹੈ ।ਪਰ ਜੋ ਪੰਜਾਬ , ਭਾਰਤ ਵਿੱਚ ਜਨਮੇ (ਪੈਦਾ ਹੋਏ) , ਉੱਥੇ ਪੜ੍ਹੇ ਲਿਖੇ ਤੇ ਫਿਰ ਬਦੇਸ਼ ਆ ਗਏ । ਉਹਨਾਂ ਲਈ ਆਪਣੀ ਜਨਮ ਭੂਮੀ ਦਾ ਪਿਆਰ ਬਹੁਤ ਬਣਿਆ ਰਿਹਾ । ਭਾਵੇਂ ਉਹ ਹੁਣ ਬਦੇਸ਼ੀ ਨਾਗਿਰਕ ਬਣ ਚੁੱਕੇ ਹਨ । ਪਰ ਦਿਲੋ ਜੱਦੀ ਦੇਸ਼ ਨਾਲ ਰਿਸ਼ਤੇ ਵਿਚ ਕੋਈ ਵੀ ਕਮੀ ਨਹੀ ਬਣੀ । ਉਹ ਭਾਵੇਂ ਸੈਰ ਸਪਾਟੇ ਦੀ ਧਾਰਾ ਆਧਾਰ ਦੇਸ਼ ਜਾਂਦੇ ਹਨ , ਪਰ ਉਤਰਦਿਆਂ ਹੀ ਮਿੱਟੀ ਦਾ ਮੋਹ ਹੋਣ ਕਰਕੇ , ਟੂਰਿਸਟ ਪ੍ਰਭਾਵ ਉਹਨਾਂ ਦੇ ਖਾਨਿਓਂ ਉਡ ਜਾਂਦਾ ਹੈ । ਉਹ ਭੁੱਲ ਜਾਂਦੇ ਹਨ ਕਿ ਸਿਰਫ ਟੂਰਿਸਟ ਹਨ । ਭਾਵੇਂ ਉਹਨਾਂ ਦੀਆਂ ਜ਼ਮੀਨਾਂ ਤੇ ਘਰ ਹਨ , ਪਰ ਕਾਨੂੰਨੀ ਰਹਿਣ ਸਹਿਣ ਦੇ ਵਰਤਾਰੇ ਵਿਚ , ਉਹ ਬਦੇਸ਼ੀ ਹੀ ਜਾਣੇ ਜਾਂਦੇ ਹਨ । ਹਾਲਾਤ ਨੂੰ ਸਮਝਣਾਂ ਅਤੇ ਉਹਨਾਂ ਦੇ ਪਰੀਵਰਤਨ ਦੇ ਆਧਾਰ ਵਿਚ ਪੈਰ ਰੱਖਣ ਵਿੱਚ ਅਸੀਂ ਬਦੇਸ਼ੀ ਬਹੁਤ ਭੁਲੇਖਿਆਂ ਦਾ ਸ਼ਿਕਾਰ ਹੋ ਜਾਂਦੇ ਹਾਂ । ਦੇਸ਼ ਦੇ ਬਾਸ਼ਿੰਦਿਆਂ ਨਾਲ ਕਈ ਵਾਰ ਘੁਲਮਿਲ ਕੇ ਉਹਨਾਂ ਦੀ ਸਮਾਜਿਕ ਜ਼ਿੰਦਗੀ ਵਿੱਚ ਬਰਾਬਰ ਦਾ ਪੈਰ ਧਰਨ ਲਗਿਆਂ ਖ਼ਿਆਲ ਨਹੀਂ ਕਰਦੇ ਕਿ ਸਾਡੇ ਅਧਿਕਾਰ ਸੀਮਤ ਹਨ ।ਜਦ ਸ੍ਰ. ਸਵਰਨ ਸਿੰਘ ਬਦੇਸ਼ ਮੰਤਰੀ ਸਨ , ਤਦ ਉਹਨਾਂ ਦਾ ਯੂ ਕੇ ਆਉਣਾ ਆਮ ਹੀ ਸੀ । ਉਸ ਵੇਲੇ ਇੱਥੇ ਦੀਆਂ ਸਮੱਸਿਆਵਾਂ ਇਮੀਗਰੇਸ਼ਨ ਅਤੇ ਨਸਲੀ ਰੰਗ ਦੇ ਵਿਤਕਰੇ ਨਾਲ ਜੁੜੀਆਂ ਹੁੰਦੀਆਂ ਸਨ । ਇਸੇ ਤਰਾਂ ਉਹਨਾਂ ਨੇ ਇੱਕ ਇਕੱਠ ਵਿੱਚ ਵਿਚਾਰ ਦਿੱਤੇ ਕਿ ਜੋ ਸਾਡਾ ਵਿਰਸਾ ਦੇਸ਼ੋਂ ਆਕੇ ਇੱਥੇ ਪੱਕੇ ਤੌਰ ਤੇ ਵੱਸ ਚੁੱਕਾ ਹੈ । ਉਹਨਾਂ ਦੀ ਸਲਾਮਤੀ ਤੇ ਯੂ ਕੇ ਵਿੱਚ ਚੰਗੇ ਸੰਬੰਧ ਬਣਾਈ ਰਖਣਾ ਸਾਡੀ ਇੱਛਾ ਰਹੇਗੀ । ਉਹਨਾਂ ਆਪਣੇ ਤੌਰ ਤੇ ਇਹ ਨਸੀਹਤ ਵਜੋਂ ਹਵਾਲਾ ਦਿੱਤਾ ਕਿ ਸਾਡਾ ਤੁਹਾਡਾ ਬਦੇਸ਼ ਵਸਦਿਆਂ ਨਾਲ ਅਜਿਹਾ ਨਾਤਾ ਹੈ " ਕਿ ਜਿਵੇ ਲੜਕੀ ਆਪਣੇ ਸਹੁਰੇ ਖੁਸ਼ੀ ਖੁਸ਼ੀ ਵੱਸੇ ਤੇ ਪੇਕੇ ਵੀ ਇਸ ਵਿੱਚ ਹੀ ਖੁਸ਼ੀ ਮੰਨਣਗੇ " । ਸੋ ਬਰਿਟਿਸ਼ ਤੇ ਬਾਕੀ ਦੇਸ਼ਾਂ ਵਿੱਚ ਵੀ ਬਦੇਸ਼ੀ ਬਣ ਗਏ ਨਾਗਰਿਕਾਂ ਦਾ ਵੀ , ਅਜਿਹਾ ਹੀ ਫ਼ਰਜ਼ ਬਣਦਾ ਹੈ । ਉਹ ਆਪਣੀ ਪੀੜੀ ਨੂੰ ਇਸੇ ਨਾਗਰਿਕਤਾ ਦੇ ਤੌਰ ਤਰੀਕਿਆਂ ਆਧਾਰ ਜ਼ਿੰਦਗੀ ਦੀ ਖੁਸ਼ਹਾਲੀ ਦਾ ਰਾਹ ਅਪਣਾਉਣ । ਪੰਜਾਬ ਦੇ 1984 ਤੇ ਉਪਰੰਤ ਦੇ ਹਾਲਾਤ ਨੇ ਸਿੱਖਾਂ ਦੇ ਬੀਤੇ ਦੁਖਾਂਤ ਨਾਲ ਹੱਕ ਤੇ ਹਮਦਰਦ ਹੋਣ ਦਾ ਨਾਤਾ ਉਪਰੋਕਤ ਬਦੇਸ਼ੀ ਵਸਦਿਆਂ ਦਾ ਵੀ ਨੇੜੇ ਦਾ ਬੱਝ ਗਿਆ । ਬਹੁਤਿਆਂ ਨੇ ਆਪਣੇ ਆਪਣੇ ਵਸੀਲਿਆਂ ਰਾਹੀ ਦੇਸ਼ ਦੇ ਸਿੱਖਾਂ ਦੇ ਦੁੱਖ ਵਿਚ ਸਾਂਝ ਪਾਈ ਤੇ ਪਾ ਰਹੇ ਹਨ । ਪਰ ਕੁਝ ਲੋਕ ਦੂਰ ਕਿਨਾਰੇ ਤੇ ਬੈਠੇ ਹਮਦਰਦੀ ਦੀ ਬਾਂਗ ਤਾਂ ਬਹੁਤ ਉੱਚੀ ਰਹੱਸ ਵਿੱਚ ਬੋਲਦੇ ਹਨ , ਪਰ ਉਹਨਾਂ ਦੀ ਫੋਕੀ ਹਮਦਰਦੀ ਕਾਫੀ ਹੱਦ ਤੱਕ ਇਕ ਫੁਕਰਾਪਨ ਬਣ ਕੇ ਰਹੀ ਗਈ । ਉਹਨਾਂ ਨੇ ਆਪਣੇ ਮਕਸਦਾਂ ਨੂੰ ਸ਼ੋਸ਼ਿਆਂ ਦਾ ਆਸਰਾ ਬਣਾ ਲਿਆ । ਮਨੁੱਖਤਾ ਦੇ ਅਜਿਹੇ ਹਾਲਾਤ ਤੋਂ ਬਿਲਕੁਲ ਵੱਖਰੇ ਹੋ ਕੇ ਅਜਿਹਾ ਢੋਲ ਵਜਾਉਣ ਵਿੱਚ ਰੁਝਾਨ ਬਣਾ ਲਿਆ , ਜਿਸ ਤੋ ਪੰਜਾਬ , ਦੇਸ਼ ਦੇ ਸਿੱਖਾਂ ਨੂੰ ਉਹ ਕੋਈ ਭੀ ਲਾਭ ਨਹੀਂ ਦੇ ਸਕੇ । ਅਜਿਹਾ ਲਾਭ ਜਾਂ ਮਦਦ ਜਿਸ ਨਾਲ ਉਹਨਾਂ ਉੱਜੜੇ ਹਾਲਾਤ ਵਿਚ ਕੁਝ ਸੁਖਾਵਾਂ ਹੋ ਸਕਦਾ ।ਸਗੋਂ ਗੁਆਂਢੀ ਦੇਸ਼ ਦੀ ਕਠਪੁਤਲੀ ਆਸਰੇ ਨਿੱਤ ਦਿਨ ਅਖ਼ਬਾਰੀ ਹਾਸ਼ੀਏ ਦੇ ਸ਼ੌਕੀਨ ਬਣ ਗਏ । ਕਾਸ਼ ਕਿਧਰੇ ਇਹ ਆਗੂ ਲੋਕ ਪੰਜਾਬ ਵਿੱਚ ਕੋਈ ਸਮਾਜਿਕ ਤੇ ਲੋਕ ਹਿਤੂ ਕੋਈ ਹਾਲਤ ਪੈਦਾ ਜਿਸ ਨਾਲ ਲੋਕਾਂ ਦੇ ਜਾਤੀ ਤੇ ਮਾਲੀ ਹਾਲਾਤ ਸੁਧਰਦੇ । ਇਹ ਤਾਂ ਸਗੋਂ ਯੂ ਕੇ ਵਿੱਚ ਇਸ ਅਖੌਤੀ ਮੁਹਿੰਮ ਦੇ ਮੋਹਰੀ ਬਣ ਰਹੇ ਹਨ ਕਿ ਯੂ ਕੇ ਵਿੱਚ ਸਿੱਖਾਂ ਆਗੂਆਂ ਦੀ ਜਾਨ ਨੂ ਖਤਰਾ ਹੈ ? ਇਤਨਾ ਡਰ ਤੇ ਭੈਅ ਇਹ ਮਹਿਸੂਸ ਕਰਕੇ ਦੱਸਦੇ ਹਨ , ਸ਼ਰਮ ਆਉਂਦੀ ਕਿ ਸਿੱਖ ਰੂਪ ਵਿੱਚ ਸਿੱਖਾਂ ਦੇ ਘਰੀ ਕਿਥੋ ਡਰਾਕਲ ਪੈਦਾ ਹੋ ਗਏ ? ਇਹਨਾਂ ਤੋਂ ਪੰਜਾਬ ਤੇ ਲੋਕ ਕੀ ਆਸ ਰੱਖਣਗੇ ? ਆਪਣੀ ਖੁਦਗਰਜੀ ਤੇ ਸਿਆਸੀ ਰੋਟੀਆਂ ਸੇਕਣ ਲਈ ਵੱਖਰੇ ਵੱਖਰੇ ਨਾਅਰੇ ਗਜਾ ਰਹੇ ਹਨ ।ਲੋਕਾਂ ਵਿੱਚੋਂ ਆਪਣੀ ਝੂਠੀ ਹਮਦਰਦੀ ਦੇ ਰੰਗ -ਪੋਚ ਕਰਨ ਲਈ ਉਹਨਾਂ ਲਈ ਨਵਾਂ ਢੌਂਗ ਕਿ ਸਾਡੀਆਂ ਜਾਨਾਂ ਨੂੰ ਖ਼ਤਰਾ ਹੈ ।ਗਿੱਦੜਾਂ ਦੇ ਰੰਗ ਕਿ ਹਰ ਦਿਨ ਰੌਲਾ ਪਾਉਣਾ ਕਿ ਸ਼ੇਰ ਆ ਕੇਵਖਾ ਲਵੇਗਾ। ਸ਼ਾਇਦ ਇਹ ਦੇਸ਼ ਦੇ ਬਾਣੀਏ ਨੂੰ ਸ਼ੇਰ ਮਨ ਕੇ ਭਰਮ ਪਾਲ ਰਹੇ ਹਨ । ਖੁਦ ਦੇ ਇਹ ਸਿਖ ਜੋ ਸ਼ੇਰਾਂ ਦੀ ਕੌਮ ਵਿੱਚੋਂ ਹੀ ਕਥਿਤ ਆਗੂ ਹਨ । ਇਤਨੇ ਭੈਅ- ਭੀਤ ਮਾਹੌਲ ਦਾ ਡਰ ਗ੍ਰਹਿਣ ਕਰਕੇ ਲੋਕਾਂ ਨੂੰ ਗੁਮਰਾਹ ਕਰਦੇ ਹਨ । ਕੀ ਇਹ ਸ਼ੇਰਾਂ ਦੀ ਕੌਮ ਦੇ ਆਗੂ ਹਨ ਜਾਂ ਹਉਮੇ ਵਸ ਹੋ ਕੇ ਕੌਮ ਵਿਚ ਡਰਾਕਲ ਤੇ ਨਿਪੁੰਸਕ ਵਿਚਾਰਾਂ ਦੇ ਬੀਜ ਬੀਜ ਕਰੇ ਹਨ । ਇਸ ਤਰਾਂ ਦੇ ਡਰਾਵੇ ਤੇ ਧਮਕੀਆਂ ਦੇ ਉੱਤਰ ਵਿੱਚ ਇੱਕ ਸਮੇਂ ਸੰਤ ਜਰਨੈਲ ਸਿੰਘ ਦੇ ਕਹੇ ਬੋਲ ਅੱਜ ਵੀ ਅਟੱਲ ਹਨ "ਕਿ ਕੋਈ ਸ਼ੇਰ ਨੂੰ ਕਹੀ ਜਾਵੇ , ਕਿ ਉਹ ਜੰਗਲ ਛੱਡ ਕੇ ਚਲਾ ਜਾਵੇ , ਜੇ ਉਹ ਦੁੰਬ ਦਬਾ ਕੇ ਨਿਕਲ ਤੁਰੇ , ਤਾਂ ਕੀ ਉਹ 'ਸ਼ੇਰ ' ਅਖਵਾਉਣ ਦੇ ਕਾਬਲ ਰਹਿ ਜਾਵੇਗਾ " ? ਸੰਤਾਂ ਦੇ ਕਹੇ ਮੁਤਾਬਿਕ ਵੀ ਸਿੱਖਾਂ ਵਿੱਚ ਅਜਿਹੇ ਲੋਕ ਸਿੱਖ ਕੌਮ ਨੂੰ ਅਜਿਹੀ ਤਰਾਂ ਡਰਾਕਲ ਬਣ ਜਾਣ ਦਾ ਭੁਲੇਖਾ ਕਿਓਂ ਪਾਲ ਰਹੇ ਹਨ ? ਕਿਉਕਿ ਇਹ ਸਿਰਫ ਆਪਣੀ ਹਾਉਮੇ ਦੇ ਚੌਧਰੀ ਹਨ । ਪਹਿਲਾਂ ਕਾਂਗਰਸ ਦੇ ਜ਼ੁਲਮ ਤੇ ਸੱਤਾ ਵਿਰੁੱਧ ਇਹਨਾਂ ਦੀ ਨਾਅਰੇ , ਜ਼ਿੰਦਾਬਾਦ /ਮੁਰਦਾਬਾਦ ਆਸਰੇ ਰੋਟੀ ਚੱਲਦੀ ਸੀ । ਕਾਂਗਰਸ ਤੇ ਇੰਦਰਾ ਦੀ ਵਿਰਾਸਤ ਖਤਮ ਹੋਈ ਤੇ ਕਾਲੀਆਂ ਸੂਚੀਆਂ ਖਤਮ ਹੋਈਆਂ । ਸਿੱਖ ਪੰਜਾਬ ਜਾਣ ਲੱਗ ਪਏ , ਆਪਣੀਆਂ ਜਾਇਦਾਦਾਂ ਨੂੰ ਦੇਖ ਰੇਖ ਕਰਨ ਲੱਗ ਪਏ । ਇਸੇ ਤਰਾਂ ਉਹਨਾਂ ਵਿੱਚੋਂ ਹੀ ਬਹੁਤੇ ਪੰਜਾਬੀ ਤੇ ਸਿੱਖ ਭਾਈਚਾਰੇ ਦੇ ਉਹਨਾਂ ਲੋਕਾਂ ਦੇ ਸਾਥੀ ਬਣੇ ਜੋ ਸਾਲਾਂ ਤੋਂ ਸਤਾਏ ,ਮਾਰੇ ਤੇ ਉਜਾੜੇ ਜਾ ਰਹੇ ਸਨ । ਜਿੰਨਾਂ ਢੌਂਗੀ ਤੇ ਕਥਿਤ ਆਗੂਆਂ ਨੇ ਪੰਜਾਬ ਜਾਣਾ ਨਹੀ , ਪੰਜਾਬ ਦੇ ਨਾਮ ਸਾਲਾਂ-ਬੱਧੀ ਫੰਡ ਇਕੱਠੇ ਕੀਤੇ । ਖੁਦ ਚੰਗੇ ਅਮੀਰ ਤੇ ਵਪਾਰੀ ਹੋ ਕੇ ਵੀ ਪੰਜਾਬ ਵਿੱਚ ਕੋਈ ਸਰਮਾਏ ਦੀ ਲਾਗਤ ਲਈ ਮਦਦਗਾਰ ਨਹੀਂ ਹੋਏ । ਇਹਨਾਂ ਨੇ ਆਪਣੀ ਜਮਣ ਭੂਮੀ ਨੂੰ ਨਿਕਾਰ ਦਿੱਤਾ ਹੈ । ਪੰਜਾਬ ਤੇ ਸਿੱਖਾਂ ਦੇ ਹੀ ਦੁਸ਼ਮਣ ਗੁਆਢੀ ਦੇਸ਼ਾਂ ਦੇ ਨਾਮ ਜਪ ਕੇ ਆਪਣੇ ਆਪਣੇ ਆਪ ਨੂੰ ਅੰਤਰਰਾਸ਼ਟਰੀ ਰੂਪ ਦੇ ਕੇ ਪਰਚਲਤ ਢੌਂਗ ਤੇ ਸਿਖਾਂ ਅੰਦਰ ਡਰ , ਭੈਅ ਦਾ ਭਰਮ ਪਾਲਦੇ ਲੋਕ ਬਣ ਚੁੱਕੇ ਹਨ ।ਮੇਰਾ ਮਕਸਦ ਲਿਖਣ ਦਾ ਇਹ ਵੀ ਹੈ ਕਿ ਜੋ ਬਦੇਸ਼ੀ ਨਾਗਰਿਕ ਸੁਹਿਰਦ ਹੋ ਕੇ ਪੰਜਾਬ ਜਾਂਦੇ ਹਨ । ਉਹ ਉੱਥੇ ਦੇ ਪੰਜਾਬੀ ਤੇ ਖਾਸਕਰ ਸਿੱਖਾਂ ਲਈ ਲੋੜ ਵੰਦ ਪਰਿਵਾਰਾਂ ਤੇ ਰਿਸ਼ਤੇਦਾਰਾਂ ਦੇ ਬੜੇ ਸਹਾਇਕ ਸਿੱਧ ਹੋ ਰਹੇ ਹਨ । ਢੌਂਗੀ ਲੋਕ ਤਾਂ ਸਿਰਫ ਪੁਰਾਣੇ ਕਾਮਰੇਡਾਂ ਵਾਂਗ ਤੇ ਉਹ ਵੀ ਹਜ਼ਾਰਾਂ ਮੀਲ ਦੂਰ ਬੈਠੇ ਪੰਜਾਬ ਦੇ ਸੰਤਾਪ ਦੀਆਂ ਬੀਮਾਰੀਆਂ ਗਿਣ ਗਿਣ ਕੇ , ਉਹਨਾਂ ਦੇ ਰਸਾਲੇ ਵੇਚ ਵੇਚ ਕੇ ਚੌਧਰ ਦੀ ਲਾਲਸਾ ਪੂਰੀ ਕਰ ਰਹੇ ਹਨ । ਅੱਜ ਪੰਜਾਬ ਦੇ ਲੋਕਾਂ ਨੂੰ ਲੋੜ ਹੈ ਕਿ ਉਹਨਾਂ ਦੇ ਹਰ ਪੱਖ ਵਿੱਚ ਬਦੇਸ਼ ਵਸਦੇ ਲੋਕ ਸਹਾਇਕ ਹੋਣ । ਇਕ ਕੌਮੀ ਢਾਂਚੇ ਦੀ ਲੋੜ ਹੈ ਜੋ ਇਸ ਪਾਸੇ ਧਿਆਨ ਦੇ ਕੇ ਭਲਾਈ ਦੇ ਕੰਮਾਂ ਵਿਚ ਵਾਧਾ ਕਰੇ ।ਭਾਵੇਂ ਮੈਂ ਲਿਖਿਆ ਸੀ ਕਿ ਸਾਡਾ ਦੋ ਬੇੜੀਆਂ ਵਿੱਚ ਪੈਰ ਧਰ ਕੇ ਦੇਸ਼ ਤੇ ਬਦੇਸ਼ ਦਾ ਨਾਤਾ ਬਣ ਚੁੱਕਾ । ਪਰ ਇੱਥੇ ਅਸੀਂ ਆਪਣੀ ਸੁਹਿਰਦਤਾ ਆਸਰੇ ਦੋਵੇ ਰਸਤੇ ਅਪਣਾ ਕੇ ਪੰਜਾਬ ਨੂੰ ਖੁਸ਼ਹਾਲੀ ਦੇ ਰਸਤੇ ਚਲਦਿਆਂ ਦੀ ਦੇਖ ਰੇਖ ਵਿਚ ਬਹੁਤ ਕੁਝ ਕਰ ਸਕਦੇ ਹਾਂ । ਸਾਡੀ ਸਿਖਸ਼ਾ ਵਿੱਚ ਲੰਗਰ ਦੀ ਹੋਂਦ ਤਾਂ ਹਰ ਚੁਰਸਤੇ ਤੇ ਪੁੰਨ ਦੀ ਦਿਸ਼ਾ ਸਾਡਾ ਹੀ ਮਾਰਗ ਦਰਸ਼ਨ ਹੈ । ਅਸੀਂ ਹਮੇਸ਼ਾਂ ਪੰਜਾਬ ਜਾਈਏ , ਇੱਕ ਸਿਆਣੇ ਸਹਾਇਕ ਤੌਰ ਤੇ ਵਿਚਰੀਏ । ਲੋਕ ਭਲਾਈ ਦੇ ਕੰਮਾਂ ਵਿੱਚ ਕਿਸੇ ਚੌਧਰ ਦੀ ਲਪੇਟ ਤੋ ਬਗੈਰ ਰੁੱਝੇ ਰਹੀਏ । ਸਾਡਾ ਉਸ ਮਿੱਟੀ ਨਾਲ ਬਣਿਆ ਮੋਹ ਦਿਨ ਚੌਗਣਾ ਹੋਵੇਗਾ । ਬਦੇਸ਼ੀ ਨਾਗਰਿਕ ਹੁੰਦੀਆਂ ਇਸ ਗੱਲ ਦਾ ਖਿਆਲ ਅਸੀ ਜ਼ਰੂਰ ਰੱਖੀਏ ਕਿ ਢੌਂਗੀ ਲੋਕਾਂ ਦੇ ਡਾਕੀਏ ਨਾ ਬਣੀਏ । ਇਹਨਾਂ ਲੋਕਾਂ ਨਾਲ ਸੰਪਰਕ ਰੱਖਣਾ ਮੂਰਖਤਾ ਹੈ ਜੋ ਬਾਹਰ ਬੈਠੇ ਪਤੰਗਾਂ ਉਡਾਉਂਦੇ ਹਨ । ਇਹ ਪੰਜਾਬ ਵਿੱਚ ਲੋਕਾਂ ਨੂੰ ਗੈਰ ਕਾਨੂੰਨੀ ਰਸਤਿਆਂ ਦੇ ਗਿਰਦ ਘੁਮਾਕੇ ਜੇਲਾਂ ਤੱਕ ਬੰਦ ਕਰਵਾਉਂਦੇ ਹਨ । ਬਾਅਦ ਵਿੱਚ ਉਹਨਾਂ ਲਈ ਨਕਲੀ ਢੰਗ ਅਪਣਾ ਕੇ ਪਰਿਵਾਰਾਂ ਨੂ ਵਕੀਲਾਂ ਦੇ ਚੱਕਰ ਵਿੱਚ ਪਾਕੇ , ਖੁਦ ਵੀ ਤਜੌਰੀਆਂ ਹੀ ਭਰਦੇ ਹਨ । ਅੱਜ ਤੱਕ ਇਹ ਕਿਸੇ ਨੂੰ ਵੀ ਜੇਲੋ ਬਾਹਰ ਨਹੀ ਛੁਡਾ ਸਕੇ । ਕਿਓਕਿ ਇਹ ਉਸੇ ਤਰਾਂ ਢੌਂਗੀ ਖੇਡ ਖੇਡਦੇ ਹਨ , ਜਿਸ ਤਰਾਂ ਅੱਜ ਸਿੱਖਾਂ ਵਿਚ ਇਕ ਬੁਜਦਿਲ ਤੇ ਡਰਾਕਲ ਪੁਣੇ ਦਾ ਪ੍ਰਚਾਰ ਕਰਦੇ ਹਨ। ਮੇਰਾ ਇਹ ਲੇਖ ਉਹਨਾਂ ਸਿੱਖਾਂ , ਪੰਜਾਬ ਹਿਤੈਸ਼ੀਆਂ ਦੀ ਸਾਂਝ ਇੱਛਾ ਅਧਾਰ ਹੈ ਜੋ ਬਦੇਸ਼ੀ ਨਾਗਰਿਕ ਹੋਣ ਤੇ ਵੀ ਪੰਜਾਬ ਅਤੇ ਸਿਖਾਂ ਦੇ ਹਰ ਪੱਖੋਂ ਹਮਦਰਦ ਤੇ ਚੰਗੇ ਮਦਦਗਾਰ ਹੋ ਸਕਦੇ ਹਨ।

-ਪਰਮਿੰਦਰ ਸਿੰਘ ਬੱਲ, ਪ੍ਰਧਾਨ, ਸਿੱਖ ਫੈਡਰੇਸ਼ਨ, ਯੂ. ਕੇ.
psbal46@gmail.com

ਆਵਾਜ਼ਿ ਕੌਮ
AWAZE QAUM
International Newspaper & WEB TV

# ਗਿਆਨੀ ਪਿੰਦਰਪਾਲ ਸਿੰਘ ਜੀ ਦੀ ਮਾਤਾ ਦਸਹਿਰਾ ਸਮਾਗਮ ਅੰਤਿਮ ਅਰਦਾਸ ਤੇ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਵਲੋਂ ਹਾਜਰੀ ਲਗਵਾਈ












ਗਿਆਨੀ ਪਿੰਦਰਪਾਲ ਸਿੰਘ ਜੀ ਦੀ ਮਾਤਾ ਦਸਹਿਰਾ ਸਮਾਗਮ ਅੰਤਿਮ ਅਰਦਾਸ ਤੇ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਵਲੋਂ ਹਾਜਰੀ ਲਗਵਾਈ ਗਿਆਨੀਸਾਹਿਬ ਸਿੰਘ ਭਾਈ ਸੁਖਦੇਵ ਸਿੰਘ ਅਨੰਦਪੁਰ ਸਾਹਿਬ ਮੁਖ ਬੁਲਾਰਾ ਦਮਦਮੀ ਟਕਸਾਲ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਇੰਟਰਨੈਸ਼ਨਲ ਪੰਥਕ ਦਲ ਜਥੇਬੰਦੀ ਵੱਲੋਂ ਸੱਚਖੰਡ ਸ਼੍ਰੀ ਹਜੂਰ ਸਾਹਿਬ ਜੀ ਦੇ ਬੋਰਡ ਤੋੜਨ ਵਾਸਤੇ ਮਹਾਂਰਾਸ਼ਟਰ ਸਰਕਾਰ ਵੱਲੋਂ

# ਗਲਤ ਫੈਸਲਾ ਲੈਣੇ ਸਬੰਧੀ ਪੂਰਨ ਸਹਿਯੋਗ ਵਾਸਤੇ ਨੁਮਾਇੰਦਿਆਂ ਦਾ ਜਥਾ ਰਵਾਨਾ

### ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਵੱਲੋਂ ਇੰਟਰਨੈਸ਼ਨਲ ਪੰਥ ਦਲ ਜਥੇਬੰਦੀ ਦੀ ਚੜਦੀ ਕਲਾ ਤੇ ਸਰਬੱਤ ਦੇ ਭਲੇ ਲਈ ਰੱਖੇ ਅਖੰਡ ਪਾਠ ਸਾਹਿਬ ਜੀ ਦੇ ਭੋਗ 16 ਨੂੰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪਾਏ ਜਾਣਗੇ















(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਭਤੀਜੇ ਅਤੀ ਸਤਿਕਾਰਯੋਗ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ( ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ) ਜੀ ਵੱਲੋਂ ਜਥਾ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ ਜੀ ਵਿਖੇ ਰਵਾਨਾ ਕੀਤਾ। ਮਹਾਰਾਸ਼ਟਰ ਦੀ ਸਰਕਾਰ ਵੱਲੋਂ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ ਜੀ ਵਿਖੇ ਬੋਰਡ ਤੋੜਨ ਸਬੰਧੀ ਪੂਰਨ ਸਹਿਯੋਗ ਲਈ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਨਾਲ ਮੀਟਿੰਗ ਕੀਤੀ ਗਈ। ਨਾਲ ਹੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਵੱਲੋਂ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਦੇ ਹੱਥੀ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ, ਸੰਤ ਬਾਬਾ ਬਲਵਿੰਦਰ ਸਿੰਘ ਜੀ ਲੰਗਰ ਸਾਹਿਬ ਵਾਲੇ ਸੰਤ ਬਾਬਾ ਨਰਿੰਦਰ ਸਿੰਘ ਜੀ ਦਾ ਸਨਮਾਨ ਭੇਜਿਆ ਗਿਆ। ਸਮੂਹ ਪਤਵੰਤਿਆਂ ਵੱਲੋਂ ਸਨਮਾਨ ਕੀਤਾ ਗਿਆ। ਸੰਤ ਬਾਬਾ ਬਲਵਿੰਦਰ ਸਿੰਘ ਜੀ ਸੰਤ ਬਾਬਾ ਨਰਿੰਦਰ ਸਿੰਘ ਜੀ ਅਤੇ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਵੱਲੋਂ ਭਾਈ ਜਸਵੀਰ ਸਿੰਘ ਜੀ ਰੋਡੇ ਅਤੇ ਸਮੂਹ ਪਤਵੰਤਿਆਂ ਦਾ ਧੰਨਵਾਦ ਕੀਤਾ। ਸੱਚਖੰਡ ਸ਼੍ਰੀ ਹਜ਼ੂਰ ਸਾਹਿਬ ਜੀ ਵਿਖੇ ਜਥੇਬੰਦੀ ਦੀ ਚੜਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ। ਇਸ ਮੌਕੇ ਇੰਟਰਨੈਸ਼ਨਲ ਪੰਥਕ ਦਾ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ,ਜਥੇਦਾਰ ਵਜ਼ੀਰ ਸਿੰਘ ਜੀ ਵਾਂ ਸੀਨੀਅਰ ਮੀਤ ਪ੍ਰਧਾਨ ਤਰਨ ਤਾਰਨ, ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜ਼ਰ ਪੰਜਾਬ,ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜਿਲਾ ਪ੍ਰਧਾਨ ਤਰਨ ਤਾਰਨ, ਭਾਈ ਬਲਜੀਤ ਸਿੰਘ ਜੀ ਸਪੁੱਤਰ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਸਰਦਾਰ ਗੁਰਸ਼ਰਨ ਸਿੰਘ ਬੀਬੀ ਮਨਜਿੰਦਰ ਕੌਰ,ਬੀਬੀ ਹਰਜਿੰਦਰ ਕੌਰ,ਬੀਬੀ ਜਗੀਰ ਕੌਰ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਪੰਜਾਬ 'ਚ ਆ ਕੇ ਹਰਿਆਣਾ ਪੁਲਿਸ ਕਿਸਾਨਾਂ ਨਾਲ ਧੱਕਾ ਕਰੇਗੀ ਤਾਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ

# ਕਿਸਾਨਾਂ ਦੇ ਹੱਕ 'ਚ ਨਿਤਰੇ ਐਮ.ਪੀ. ਔਜਲਾ



**ਚੌਕ ਮਹਿਤਾ, 14 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦੇਸ਼ ਦਾ ਅੰਨਦਾਤਾ ਕਿਸਾਨ ਜੋ ਆਪਣੀਆਂ ਜਾਇਜ ਮੰਗਾਂ ਲਈ ਕੇਂਦਰ ਸਰਕਾਰ ਕੋਲੋ ਆਪਣਾ ਹੱਕ ਮੰਗ ਰਿਹਾ ਹੈ, ਪਰ ਕੇਂਦਰ ਦੀ ਤਾਨਾਸ਼ਾਹ ਸਰਕਾਰ ਕਿਸਾਨਾਂ ਦੇ ਨਾਲ ਲਗਾਤਾਰ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੰਮ੍ਰਿਤਸਰ ਦੇ ਮੈਂਬਰ ਪਾਰਲੀਮੈਂਟ ਸ. ਗੁਰਜੀਤ ਸਿੰਘ ਔਜਲਾ ਨੇ ਇਕ ਮੀਟਿੰਗ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਹਰ ਕਿਸੇ ਨੂੰ ਪ੍ਰੋਟੈਸਟ ਕਰਨ ਦਾ ਪੂਰਾ-ਪੂਰਾ ਹੱਕ ਹੈ, ਪਰ ਬੜੇ ਅਫਸੋਸ ਦੀ ਗੱਲ ਹੈ ਕਿ ਪੰਜਾਬ ਦੇ ਕਿਸਾਨ ਜਦ ਵੀ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਹਨ ਤਾਂ ਸਰਕਾਰਾਂ ਰਸਤੇ ਵਿਚ ਬੇਰੀਗੇਟ ਲਗਾ ਕੇ ਅੱਥਰੂ ਗੈਸ ਦੇ ਗੋਲੇ ਸੁੱਟ ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਹਨ ਤੇ ਉਨ੍ਹਾਂ ਦੀਆਂ ਜਾਇਜ ਮੰਗਾਂ ਮੰਨਣ ਨੂੰ ਤਿਆਰ ਨਹੀਂ ਹਨ। ਸ. ਔਜਲਾ ਨੇ ਅੱਗੇ ਕਿਹਾ ਕਿ ਪੰਜਾਬ ਹਰਿਆਣੇ ਦੇ ਬਾਰਡਰ 'ਤੇ ਕਿਸਾਨਾਂ ਨੂੰ ਰੋਕ ਇਸ ਤਰ੍ਹਾਂ ਵਿਤਕਰਾ ਕੀਤਾ ਜਾ ਰਿਹਾ ਹੈ ਕਿ ਜਿਵੇਂ ਉਹ ਕਿਸੇ ਹੋਰ ਦੇਸ਼ ਦਾ ਹਿੱਸਾ ਹੋਣ। ਐਮ.ਪੀ ਸ. ਔਜਲਾ ਨੇ ਕੇਂਦਰ ਅਤੇ ਹਰਿਆਣਾ ਸਰਕਾਰ ਨੂੰ ਸਖਤ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਕਿ ਉਹ ਆਪਣੀਆਂ ਕੋਝੀਆਂ ਹਰਕਤਾਂ ਤੋਂ ਤੁਰੰਤ ਬਾਜ਼ ਆਉਣ ਨਹੀਂ ਤਾਂ ਇਸੇ ਦੇ ਗੰਭੀਰ ਸਿੱਟੇ ਭੁਗਤਨ ਲਈ ਤਿਆਰ ਰਹਿਣ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਕੇਂਦਰ ਤੇ ਹਰਿਆਣਾ ਸਰਕਾਰ ਜੋ ਕਰ ਰਹੀ ਹੈ, ਉਹ ਬਹੁਤ ਹੀ ਮੰਦਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਕੱਲ ਪੂਰੀ ਦੁਨੀਆ ਨੇ ਹਰਿਆਣਾ ਸਰਕਾਰ ਦੀਆਂ ਦੋਗਲੀਆਂ ਨੀਤੀਆਂ ਅਤੇ ਅਸਲ ਚਿਹਰੇ ਨੂੰ ਵੇਖ ਲਿਆ ਕਿ ਕਿਸ ਤਰ੍ਹਾਂ ਹਰਿਆਣਾ ਸਰਕਾਰ ਨੇ ਪੰਜਾਬ ਦੀ ਧਰਤੀ 'ਤੇ ਆ ਕੇ ਨਹੱਥੇ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਕੇ ਤੰਗ ਪ੍ਰੇਸ਼ਾਨ ਕੀਤਾ ਤੇ ਉਨ੍ਹਾਂ ਨਾਲ ਕੁੱਟਮਾਰ ਕੀਤੀ। ਸ. ਔਜਲਾ ਨੇ ਦੱਸਿਆ ਕਿ ਜਿਹੜੇ ਕਿਸਾਨਾਂ ਨੂੰ ਸੱਟਾਂ ਲੱਗੀਆਂ ਅਤੇ ਜ਼ਖਮੀ ਹੋਏ ਹਨ, ਨੂੰ ਅੱਜ ਸਾਰੀ ਦੁਨੀਆਂ ਵੇਖ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਅਤੇ ਉਨ੍ਹਾਂ ਦੀ ਪਾਰਟੀ ਆਪਣੇ ਕਿਸਾਨ ਭਰਾਵਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਚਟਾਂਨ ਵਾਂਗ ਖੜੀ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਸਲਾਹ ਦਿੱਤੀ ਕਿ ਉਹ ਕਿਸਾਨਾਂ ਨਾਲ ਬੈਠ ਕਿ ਸ਼ਾਤੀਪੂਰਵਕ ਗੱਲ ਕਰਨ ਅਤੇ ਉਨ੍ਹਾਂ ਦੀ ਹਰ ਮੰਗ ਨੂੰ ਮੰਨ ਕੇ ਮਸਲੇ ਦਾ ਹੱਲ ਕਰਨ ਨਾ ਕਿ ਉਨ੍ਹਾਂ 'ਤੇ ਲਾਠੀ ਚਾਰਜ ਕਰਕੇ ਤੰਗ ਪ੍ਰੇਸ਼ਾਨ ਕਰਨ। ਸ. ਔਜਲਾ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਬਿਲਕੁਲ ਜਾਇਜ਼ ਹਨ, ਪਰ ਕੇਂਦਰ ਸਰਕਾਰ ਆਪਣੇ ਤਾਨਾਸ਼ਾਹੀ ਰਵਈਏ ਨਾਲ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ । ਇਸ ਮੌਕੇ ਸਰਬਜੀਤ ਸਿੰਘ ਸੋਨੂੰ ਜੰਡਿਅਲਾ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਮੁਹਿੰਮ ਦੇ ਸਾਰਥਕ ਨਤੀਜੇ ਨਿਕਲੇ ਰਹੇ ਹਨ ਤੇ ਲੋਕਾਂ ਨੂੰ ਮੌਕੇ 'ਤੇ ਹੀ ਸਰਕਾਰੀ ਸਕੀਮਾਂ ਦਾ ਲਾਭ ਮਿਲ ਰਿਹਾ-ਪ੍ਰਧਾਨ ਗੁਰਜ਼ਿੰਦਰ

# ਪਿੰਡ ਕੋਹਾਟਵਿੰਡ ਵਿਖੇ 'ਆਪ ਦੀ ਸਰਕਾਰ-ਆਪ ਦੇ ਦੁਆਰ' ਦਾ ਲੱਗਾ ਕੈਂਪ

ਚੌਂਕ ਮਹਿਤਾ, 13ਫਰਵਰੀ( ਬਾਬਾ ਸੁਖਵੰਤ ਸਿੰਘ ਚੰਨਣਕੇ )-ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਘਰ-ਘਰ ਸਰਕਾਰੀ ਸੇਵਾਵਾਂ ਦਾ ਲਾਭ ਬਿਨਾਂ ਕਿਸੇ ਰੋਕ ਦੇ ਦੇਣ ਲਈ ਸ਼ੁਰੂ ਕੀਤੇ ਗਏ ਉਪਰਾਲੇ 'ਆਪ ਦੀ ਸਰਕਾਰ-ਆਪ ਦੇ ਦੁਆਰ' ਦਾ ਪੰਜਾਬ ਵਾਸੀਆਂ ਨੂੰ ਵੱਡਾ ਲਾਹਾ ਮਿਲ ਰਿਹਾ ਹੈ। ਇਸੇ ਮੁਹਿੰਮ ਤਹਿਤ ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਹਰਭਜਨ ਸਿੰਘ ਈ.ਟੀ.ਓ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਤੇ ਪ੍ਰਧਾਨ ਗੁਰਜ਼ਿੰਦਰ ਸਿੰਘ ਕੋਹਾਟਵਿੰਡ ਦੀ ਅਗਵਾਈ 'ਚ ਅੱਜ ਪਿੰਡ ਕੋਹਾਟਵਿੰਡ ਵਿਖੇ ਕੈਂਪ ਲਗਾਇਆ ਗਿਆ, ਜਿਸ ਦੌਰਾਨ ਵੱਡੀ ਗਿਣਤੀ 'ਚ ਪਿੰਡ ਵਾਸੀਆਂ ਨੇ ਵੱਖ-ਵੱਖ ਵਿਭਾਗਾਂ ਵੱਲੋਂ ਦਿੱਤੀ ਜਾ ਰਹੀਆਂ ਸੇਵਾਵਾਂ ਦਾ ਲਾਭ ਲਿਆ। ਕੈਂਪ ਦੌਰਾਨ ਹਾਜ਼ਰ ਜਿਲ੍ਹਾਂ ਪ੍ਰਧਾਨ ਅੰਜੂ ਵਰਮਾ ਤੇ ਮਾਰਕੀਟ ਕਮੇਟੀ ਮਹਿਤਾ ਦੇ ਚੇਅਰਮੈਨ ਗੁਰਵਿੰਦਰ ਸਿੰਘ ਰੰਧਾਵਾ ਨੇ ਸਰਕਾਰ ਵੱਲੋ ਮਿਲ ਰਹੀਆਂ ਮੁਫਤ ਸੇਵਾਵਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਬਲਾਕ ਪ੍ਰਧਾਨ ਗੁਰਜ਼ਿੰਦਰ ਸਿੰਘ ਕੋਹਾਟਵਿੰਡ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਪ੍ਰਦਾਨ ਕਰਨ ਲਈ ਇਹ ਕੈਂਪ ਲੋਕਾਂ ਲਈ ਲਾਭਕਾਰੀ ਸਿੱਧ ਹੋ ਰਹੇ ਹਨ। ਇਨ੍ਹਾਂ ਕੈਂਪਾਂ 'ਚ ਜਨਮ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਅਨੁਸੂਚਿਤ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ, ਬੁਢਾਪਾ, ਦਿਵਯਾਂਗ ਅਤੇ ਆਸ਼ਿਰਤ ਪੈਨਸ਼ਨ, ਜਨਮ ਸਰਟੀਫਿਕੇਟ ▾ਚ ਨਾਂ ਦੀ ਤਬਦੀਲੀ, ਬਿਜਲੀ ਦੇ ਬਿੱਲਾਂ ਦੇ ਭੁਗਤਾਨ, ਮਾਲ ਵਿਭਾਗ ਸਬੰਧੀ ਰਿਕਾਰਡ ਦੀ ਪੜਤਾਲ, ਵਿਆਹ ਦੀ ਰਜਿਸਟ੍ਰੇਸ਼ਨ, ਮੌਤ ਦੇ ਸਰਟੀਫਿਕੇਟ ਦੀ ਇਕ ਤੋਂ ਵੱਧ ਕਾਪੀਆਂ, ਪੇਂਡੂ ਖੇਤਰ ਸਰਟੀਫਿਕੇਟ, ਫਰਦ ਬਣਾਉਣੀ, ਸ਼ਗਨ ਸਕੀਮ, ਜ਼ਮੀਨ ਦੀ ਨਿਸ਼ਾਨਦੇਹੀ, ਐੱਨ.ਆਰ.ਆਈ. ਦੇ ਸਰਟੀਫਿਕੇਟਾਂ ਦੇ ਕਾਉਂਟਰ ਦਸਤਖ਼ਤ, ਪੁਲਿਸ ਕਲੀਅਰੈਂਸ ਸਰਟੀਫਿਕੇਟ ਦੇ ਕਾਉਂਟਰ ਦਸਤਖ਼ਤ, ਮੌਤ ਸਰਟੀਫਿਕੇਟ 'ਚ ਤਬਦੀਲੀ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੇ ਸਾਰਥਕ ਨਤੀਜੇ ਨਿਕਲੇ ਰਹੇ ਹਨ ਤੇ ਵੱਡੀ ਗਿਣਤੀ 'ਚ ਲੋਕਾਂ ਨੂੰ ਮੌਕੇ 'ਤੇ ਹੀ ਸਰਕਾਰੀ ਸਕੀਮਾਂ ਦਾ ਲਾਭ ਮਿਲ ਰਿਹਾ ਹੈ। ਇਸ ਦੌਰਾਨ ਬਲਾਕ ਪ੍ਰਧਾਨ ਅਜੈ ਗਾਂਧੀ ,ਬਲਾਕ ਪ੍ਰਧਾਨ ਜਰਮਨ ਉਦੋਨੰਗਲ ਤੇ ਸੀਨੀਅਰ ਆਗੂ ਬਲਜੀਤ ਸਿੰਘ ਚਾਹਲ ਉਦੋਨੰਗਲ ਨੇ ਵੀ ਪਿੰਡ ਵਾਸੀਆਂ ਨਾਲ ਇਸ ਮੁਹਿੰਮ ਸਬੰਧੀ ਜਾਣਕਾਰੀ ਸਾਂਝੀ ਕੀਤੀ।




ਆਵਾਜ਼ਿ ਕੌਮ AWAZE QAUM International Newspaper & WEB TV

# ਸਿਵਲ ਪਸ਼ੂ ਹਸਪਤਾਲ ਸੈਦਪੁਰ ਵੱਲੋਂ ਪਸ਼ੂ ਭਲਾਈ ਪਿੰਡਾਂ ਵਿੱਚ ਕੈਂਪ ਲਗਾਇਆ

ਚੌਕ ਮਹਿਤਾ 14 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ) ਪਸ਼ੂ ਪਾਲਣ ਵਿਭਾਗ ਪੰਜਾਬ ਵੱਲੋਂ ਮਾਨਯੋਗ ਕੈਬਨਿਟ ਮੰਤਰੀ ਸ, ਗੁਰਮੀਤ ਸਿੰਘ ਖੁੱਡੀਆ ਜੀ ਪ੍ਰਿੰਸੀਪਲ ਸੈਕਟਰੀ ਸ੍ਰੀ ਵਿਕਾਸ ਪਰਤਾਪ ਅਤੇ ਡਾਇਰੈਕਟਰ ਡਾ, ਗੁਰਸਰਨਜੀਤ ਸਿੰਘ ਬੇਦੀ ਰੁਹਿਨੁਮਾਈ ਹੇਠ ਪੰਜਾਬ ਦੇ ਵੈਟਰਨਰੀ ਵਿਭਾਗ ਵੱਲੋਂ ਵੱਖ ਵੱਖ ਪਿੰਡਾਂ ਵਿੱਚ ਪਸ਼ੂ ਭਲਾਈ ਕੈਂਪ ਲਾਏ ਜਾ ਹਨ। ਇਸ ਤਹਿਤ ਬਾਬਾ ਬਕਾਲਾ ਸਾਹਿਬ ਦੇ ਸੀਨੀਅਰ ਵੈਟਰਨਰੀ ਅਫ਼ਸਰ ਡਾ, ਨਵਦੀਪ ਸਿੰਘ ਸੇਖੋਂ ਦੀ ਅਗਵਾਈ ਹੇਠ ਸਿਵਲ ਹਸਪਤਾਲ ਦੇ ਮੁੱਖੀ ਤੇਜਪਾਲ ਸਿੰਘ ਅਤੇ ਵੀ, ਪੀ, ਸ, ਸਤਨਾਮ ਸਿੰਘ ਵੱਲੋਂ ਪਿੰਡ ਸੈਦਪੁਰ, ਮਹਿਸਮਪੁਰ ਕਲਾ, ਕੋਟ ਹਯਾਤ, ਭੱਟੀ ਕੇ, ਬੁਲਾਰਾ, ਸਰਾਂ ਵਿੱਚ ਪਸ਼ੂ ਭਲਾਈ ਕੈਪ ਲਗਾਏ ਗਏ। ਇਨ੍ਹਾਂ ਕੈਂਪਾ ਦੌਰਾਨ ਪਸ਼ੂ ਪਾਲਕਾ ਦੀਆਂ ਸਮਸਿਆਵਾਂ ਸੁਣਕੇ ਮੌਕੇ ਤੇ ਹੀ ਹੱਲ ਕੀਤਾ ਗਿਆ। ਅਤੇ ਸਰਕਾਰ ਵੱਲੋਂ ਵੱਖ ਵੱਖ ਸਕੀਮਾਂ ਵਿੱਚ ਆਉਣ ਵਾਲੀਆਂ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ। ਇਸ ਸਮੇਂ ਸਰਪੰਚ ਬਲਜੀਤ ਕੌਰ ਸਰਾਂ, ਮੇਜਰ ਸਿੰਘ, ਬਲਜੀਤ ਸਿੰਘ, ਰਾਜਬਿੰਦਰ ਸਿੰਘ, ਤਰਸੇਮ ਸਿੰਘ ,ਸਾਧੂ ਸਿੰਘ, ਨਾਜਰ ਸਿੰਘ, ਸਮਿੰਤਰ ਸਿੰਘ, ਸਵਿੰਦਰ ਸਿੰਘ, ਮੰਗਾ ਸਿੰਘ ਅਤੇ ਹੋਰ ਪੱਤਵੰਤੇ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਸਬ ਇੰਸਪੈਕਟਰ ਦਲਜੀਤ ਸਿੰਘ ਵਲੋਂ ਲੋੜਵੰਦ ਬੱਚਿਆਂ ਨੂੰ ਜਰੂਰਤ ਦਾ ਸਮਾਨ ਦੇ ਕੇ ਮਨਾਈ ਵਿਆਹ ਦੀ ਵਰੇਗੰਢ



**ਚੌਕ ਮਹਿਤਾ, 14 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਟਰੈਫਿਕ ਐਜੂਕੇਸ਼ਨ ਸੈਲ ਦੇ ਇੰਚਾਰਜ ਸਬ ਇੰਸਪੈਕਟਰ ਦਲਜੀਤ ਸਿੰਘ ਵੱਲੋਂ ਸ਼ਹਿਰ ਵਾਸੀਆਂ ਨੂੰ ਇੱਕ ਵੱਖਰਾ ਸੰਦੇਸ਼ ਦਿੱਤਾ ਗਿਆ ਜਿਸ ਤਰ੍ਹਾਂ ਅਸੀਂ ਵਿਆਹ ਦੀ ਵਰੇਗੰਡ , ਜਨਮ ਦਿਨ ਮਨਾਉਂਦੇ ਹੋਏ ਹੋਟਲਾਂ ਰੈਸਟੋਰੈਂਟਾਂ ਵਿੱਚ ਖਰਚਾ ਕਰਦੇ ਹਾਂ ਲੇਕਿਨ ਉਸ ਖਰਚੇ ਨੂੰ ਪਾਸੇ ਰੱਖਦੇ ਹੋਏ ਟਰੈਫਿਕ ਐਜੂਕੇਸ਼ਨ ਸੈਲ ਦੇ ਇਨਚਾਰਜ ਦਲਜੀਤ ਸਿੰਘ ਅਤੇ ਉਨਾਂ ਦੀ ਧਰਮ ਪਤਨੀ ਸ੍ਰੀਮਤੀ ਦਵਿੰਦਰ ਕੌਰ ਉਨਾਂ ਨੇ ਇੱਕ ਪਹਿਲ ਕਦਮੀ ਕਰਦੇ ਹੋਏ ਆਪਣੀ ਵਿਆਹ ਦੀ ਵਰੇਗੰਡ ਤੇ ਅੱਜ ਦੇ ਦਿਨ ਅਨੋਖਾ ਉਪਰਾਲਾ ਕੀਤਾ ਵਾਤਾਵਰਨ ਨੂੰ ਸਮਰਪਿਤ ਹੋ ਕੇ ਬੂਟੇ ਲਗਾਉਣ ਦੀ ਸੇਵਾ ਕੀਤੀ ਅਤੇ ਨਾਲ ਹੀ ਲੋੜਵੰਦ ਸਕੂਲੀ ਬੱਚਿਆਂ ਨੂੰ ਖਾਣ ਪੀਣ ਦਾ ਸਮਾਨ ਦੇ ਕੇ ਬੱਚਿਆਂ ਨਾਲ ਵਿਆਹ ਦੀ ਵਰੇਗੰਡ ਮਨਾਈ ਇਸ ਸਮੇਂ ਉਨਾਂ ਦੀ ਹੌਸਲਾ ਬੁਝਾਈ ਕਰਨ ਵਿੱਚ ਖਾਸ ਤੌਰ ਤੇ ਏ ਡੀ ਸੀ ਪੀ ਟਰੈਫਿਕ ਸ੍ਰੀ ਹਰਪਾਲ ਸਿੰਘ ਜੀ, ਦਲਜੀਤ ਸਿੰਘ ਕੋਹਲੀ, ਸੁਰਿੰਦਰ ਸਿੰਘ ਜੀ ਹੋਟਲ ਪ੍ਰੈਜੀਡੈਂਟ ਅੰਮ੍ਰਿਤਸਰ, ਸ੍ਰੀ ਜੋਤੀ ਚਤਰਥ ਜੀ ਮੌਜੂਦ ਸਨ ਦਲਜੀਤ ਸਿੰਘ ਅਤੇ ਉਨਾਂ ਦੀ ਧਰਮ ਪਤਨੀ ਦਾ ਕਹਿਣਾ ਕਿ ਇਹ ਵਾਤਾਵਰਨ ਨੂੰ ਸਾਫ ਰੱਖਣ ਦਾ ਇੱਕ ਉਪਰਾਲਾ ਹੈ ਇਸ ਉਪਰਾਲੇ ਨਾਲ ਸਾਡਾ ਵਾਤਾਵਰਨ ਸਾਫ ਹੁੰਦਾ ਹੈ ਕਰੋਨਾ ਕਾਲ ਵਿੱਚ ਜਿਸ ਤਰ੍ਹਾਂ ਆਕਸੀਜਨ ਦੀ ਕਮੀ ਹੋਈ ਸੀ ਇਸ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਅਸੀਂ ਜਿਹੜੇ ਫਜ਼ੂਲ ਖਰਚੇ ਕਰਦੇ ਹਾਂ ਫਜ਼ੂਲ ਖਰਚੀ ਤੋਂ ਉੱਪਰ ਉੱਠ ਕੇ ਅਸੀਂ ਇਸ ਇਸ ਲਾਈਨ ਨੂੰ ਅਪਲਾਈ ਕੀਤਾ ਤਾਂ ਜੋ ਆਉਣ ਵਾਲੀ ਪੀੜੀ ਇਸ ਤੋਂ ਕੋਈ ਸਬਕ ਲਵੇ।

ਆਵਾਜ਼ਿ ਕੌਮ AWAZE QAUM International Newspaper & WEB TV

# ਡਾ. ਭਾਰਤੀ ਧਵਨ ਵਲੋ ਗੈਰ ਕਾਨੂੰਨੀ ਨਸ਼ਾ ਛੁਡਾਓ ਕੇਂਦਰ ਕੀਤਾ ਸੀਲ



**ਚੌਕ ਮਹਿਤਾ, 14 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਸਰਜਨ ਡਾ ਵਿਜੇ ਕੁਮਾਰ ਦੇ ਦਿਸਾ ਨਿਰਦੇਸਾ ਅਨੁਸਾਰ, ਡਾਕਟਰ ਭਾਰਤੀ ਧਵਨ ਦੀ ਅਗਵਾਈ ਹੇਠ ਡਾ ਵਨੀਤ ਅਤੇ ਰਘੂ ਤਲਵਾੜ ਦੀ ਟੀਮ ਵਲੋਂ ਅਣ ਅਧਿਕਾਰੇ ਦੇ ਤੌਰ ਤੇ ਚੱਲ ਰਹੇ ਗੈਰ ਕਾਨੂੰਨੀ ਨਸ਼ਾ ਛਡਾਊ ਕੇਂਦਰ ਬਾਣੀ ਫਾਊਂਡੇਸ਼ਨ ਜੰਬਾ ਢਾਬਾ ਜੰਡਿਆਲਾ ਗੁਰੂ ਵਿਖੇ ਰੇਡ ਕੀਤੀ ਗਈ੍ਹ ਜਿਸ ਦੌਰਾਨ 12 ਨੌਜਵਾਨਾਂ ਨੂੰ ਰੈਸਕਿਊ ਕਰਕੇ ਸੁਆਮੀ ਵਿਵੇਕਾਨੰਦ ਨਸਾ ਛਡਾਊ ਕੇਂਦਰ ਵਿਖੇ ਦਾਖਲ ਕਰਾ ਦਿੱਤਾ ਗਿਆ ਅਤੇ ਇਸ ਸੈਂਟਰ ਨੂੰ ਸੀਲ ਕਰ ਦਿੱਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਪਿੰਡ ਬੁਰਜ ਕੁਲਾਰਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਗਿਆਨੀ ਬੀਰ ਸਿੰਘ ਜੀ ਕੈਨੇਡੀਅਨ ਵੱਲੋਂ ਬੈਗ ਅਤੇ ਸਟੇਸ਼ਨਰੀ ਦੀ ਵੰਡ ਕੀਤੀ




ਹਠੂਰ/ਜਗਰਾਉਂ - (ਵਰਿਆਮ ਹਠੂਰ) ਜ਼ਿਲ੍ਹਾ ਲੁਧਿਆਣਾ ਦੇ ਆਖ਼ਰੀ ਪਿੰਡ ਬੁਰਜ ਕੁਲਾਰਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਗਿਆਨੀ ਬੀਰ ਸਿੰਘ ਜੀ ਕੈਨੇਡੀਅਨ ਵੱਲੋਂ ਬੱਚਿਆਂ ਵਾਸਤੇ ਬੈਗ ਅਤੇ ਸਟੇਸ਼ਨਰੀ ਦੀ ਵੰਡ ਕੀਤੀ ਗਈ, ਸਕੂਲ ਦੇ ਬੱਚੇ ਇਸ ਮੌਕੇ ਬੇਹੱਦ ਖੁਸ਼ ਨਜ਼ਰ ਆਏ, ਹੈੱਡ ਟੀਚਰ ਗੁਰਸੇਵ ਸਿੰਘ ਅਤੇ ਸਮੂਹ ਸਕੂਲ ਸਟਾਫ਼ ਨੇ ਗਿਆਨੀ ਬੀਰ ਸਿੰਘ ਜੀ ਅਤੇ ਪਤਵੰਤੇ ਸੱਜਣਾਂ ਨੂੰ ਸਕੂਲ ਵਿੱਚ ਪਹੁੰਚਣ ਤੇ ਜੀ ਆਇਆਂ ਆਖਿਆ, ਇਸ ਮੌਕੇ ਗਿਆਨੀ ਬੀਰ ਸਿੰਘ ਜੀ ਕੈਨੇਡੀਅਨ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਆਪਣੇ ਵਿੱਤ ਅਨੁਸਾਰ ਸਮੇਂ ਸਮੇਂ ਤੇ ਲੋੜਵੰਦ ਸਮਗਰੀ ਜ਼ਰੂਰ ਵੰਡਣੀ ਚਾਹੀਦੀ ਹੈ। ਤੇ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਬੱਚਿਆਂ ਨੂੰ ਖੇਡਾਂ ਨਾਲ ਜੋੜਨਾ ਚਾਹੀਦਾ ਹੈ। ਸਾਨੂੰ ਸਕੂਲ ਵਿੱਚ ਪਹੁੰਚ ਕੇ ਸਮੂਹ ਸਕੂਲ ਸਟਾਫ਼ ਅਤੇ ਬੱਚਿਆਂ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ, ਮੌਕੇ ਤੇ ਵਿਸ਼ੇਸ਼ ਗਤੀਵਿਧੀਆਂ ਕਰਨ ਵਾਲੇ ਬੱਚਿਆਂ ਨੂੰ ਗਿਆਨੀ ਬੀਰ ਸਿੰਘ ਜੀ ਨੇ 1500 ਰੁਪਏ ਇਨਾਮ ਵੀ ਦਿੱਤੇ, ਸਮੂਹ ਸਕੂਲ ਸਟਾਫ਼ ਨੇ ਗਿਆਨੀ ਬੀਰ ਸਿੰਘ ਜੀ ਕੈਨੇਡੀਅਨ ਅਤੇ ਨਾਲ ਆਇਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ, ਇਸ ਮੌਕੇ ਗਿਆਨੀ ਬੀਰ ਸਿੰਘ ਜੀ ਸਿੱਧੂ ਕੈਨੇਡੀਅਨ, ਮਰਹੂਮ ਸਾਬਕਾ ਸਰਪੰਚ ਮੇਜ਼ਰ ਸਿੰਘ ਦੀ ਧਰਮ ਪਤਨੀ ਸ਼੍ਰੀ ਮਤੀ ਦਲਜੀਤ ਕੌਰ, ਗ੍ਰੰਥੀ ਗੁਰਨਾਇਬ ਸਿੰਘ ਜੀ, ਗ੍ਰੰਥੀ ਹਰਨੇਕ ਸਿੰਘ ਜੀ, ਨਿਰਮਲ ਸਿੰਘ ਬੁਰਜ ਕੁਲਾਰਾ, ਗੁਰਪ੍ਰੀਤ ਸਿੰਘ, ਰਜਿੰਦਰ ਟੇਕ ਬੁੱਕ ਡੀਪੂ, ਹੈੱਡ ਟੀਚਰ ਗੁਰਸੇਵ ਸਿੰਘ, ਮੈਡਮ ਦਲਵਿੰਦਰ ਕੌਰ, ਮੈਡਮ ਜਸਵੀਰ, ਮੈਡਮ ਭਿੰਦਰ ਕੌਰ, ਮਿਸ: ਕਿਰਨਵੀਰ ਕੌਰ ਆਦਿ ਹਾਜ਼ਰ ਸਨ। ਅੰਤ ਵਿੱਚ ਸਮੋਸਿਆਂ ਦਾ ਲੰਗਰ ਵੀ ਚਲਾਇਆ ਗਿਆ।



ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM

## ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਨੂੰ ਜਲਦੀ ਤੋਂ ਜਲਦੀ ਹੱਲ ਕਰੇ

# ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਖੜ੍ਹਨ ਦਾ ਐਲਾਨ : ਜਥੇਦਾਰ ਰਣਜੀਤ ਸਿੰਘ ਪੂਹਲਾ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 14 ਫ਼ਰਵਰੀ ਕੁਲਜੀਤ ਸਿੰਘ ਖੋਖਰ**-ਕਿਸਾਨਾਂ ਉਪਰ ਹੋਏ ਲਾਠੀਚਾਰਜ ਸਮਰਪਿਤ ਅੱਜ ਵਿਸ਼ੇਸ਼ ਤੌਰ ਤੇ ਮਿਸਲ ਭਾਈ ਤਾਰੂ ਸਿੰਘ ਜੀ ਪੂਹਲਾ ਤਰਨਾਂ ਦਲ ਦੇ ਮੁਖੀ ਨਿਹੰਗ ਜਥੇਬੰਦੀ ਦੇ ਮੁੱਖ ਜਥੇਦਾਰ ਬਾਬਾ ਰਣਜੀਤ ਸਿੰਘ ਪੂਹਲਾ ਨੇ ਵਿਸ਼ੇਸ਼ ਤੌਰ ਤੇ ਪੱਤਰਕਾਰਾਂ ਨਾਲ ਜਾਣਕਾਰੀ ਦਿੰਦੇ ਹੋਏ ਦੱਸਿਆ ਕਿਸਾਨੀ ਲਹਿਰਾਂ ਦਾ ਇੱਕ ਲੰਮਾ ਇਤਿਹਾਸ ਹੈ ਜਿਸਦਾ ਮਨੁੱਖੀ ਇਤਿਹਾਸ ਵਿੱਚ ਦੁਨੀਆ ਦੇ ਵੱਖ-ਵੱਖ ਖੇਤਰਾਂ ਵਿੱਚ ਵਾਪਰਨ ਵਾਲੇ ਅਨੇਕਾਂ ਕਿਸਾਨੀ ਵਿਦਰੋਹਾਂ ਦਾ ਪਤਾ ਲਗਾਇਆ ਜਾ ਸਕਦਾ ਹੈ। ਜ਼ੋ ਪੁਲਿਸ ਡਰੋਨ ਰਾਹੀਂ ਕਿਸਾਨਾਂ ਉਪਰ ਅੱਥਰੂ ਗੈਸ ਦੇ ਗੋਲੇ ਸੁੱਟ ਕੇ ਕਿਸਾਨਾਂ ਨੂੰ ਜ਼ਖ਼ਮੀ ਕਰਨਾ ਗ਼ੈਰ ਕਾਨੂੰਨੀ ਹੈ ਅਤੇ ਅਪਰਾਧ ਵੀ ਹੈ ਉਹਨਾ ਕਿਹਾ ਕਿ ਕਿਸਾਨ ਆਪਣੀਆਂ ਹੱਕੀ ਮੰਗਾਂ ਨੂੰ ਪੂਰਨ ਤੌਰ ਤੇ ਲਾਗੂ ਕਰਵਾਉਣ ਲਈ ਪੰਜਾਬ ਤੋਂ ਦਿੱਲੀ ਵੱਲ ਕੂਚ ਕੀਤਾ ਜਾ ਰਿਹਾ ਹੈ। ਇਸ ਮੌਕੇ ਪੰਜਾਬ ਤੇ ਹਰਿਆਣਾ ਦੀ ਸਰਹੱਦ ਉੱਤੇ ਪੁਲਿਸ ਨਾਲ ਟਕਰਾਅ ਹੋਇਆ ਹੈ। ਇਸ ਵਿੱਚ ਭੀੜ ਨੂੰ ਖਦੇੜਣ ਲਈ ਪੁਲਿਸ ਵੱਲੋਂ ਅੱਥਰੂ ਗੈਸ ਦੇ ਗੋਲ਼ੇ ਦੇ ਦਾਗੇ ਗਏ। ਇਸ ਮੌਕੇ ਪੁਲਿਸ ਡਰੋਨ ਰਾਹੀਂ ਅੱਥਰੂ ਗੈਸ ਦੇ ਗੋਲੇ ਸੁੱਟ ਰਹੀ ਹੈ ਜਿਸ ਨਾਲ ਕਈ ਕਿਸਾਨ ਜ਼ਖ਼ਮੀ ਵੀ ਹੋ ਗਏ ਹਨ ਗੈਰ ਕਾਨੂੰਨੀ ਘਟਨਾ ਕੀਤੀ ਹੈ। ਇਸ ਪ੍ਰਦਰਸ਼ਨ ਦੌਰਾਨ ਕਿਸਾਨਾਂ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ ਹੈ। ਬਹੁਤ ਮੰਦਭਾਗੀ ਘਟਨਾ ਹੋਈ ਹੈ। ਉਹਨਾਂ ਕਿਹਾ ਕਿ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਖੜ੍ਹਨ ਦਾ ਐਲਾਨ ਸਾਡੀ ਜਥੇਬੰਦੀਆਂ ਵੱਲੋਂ ਕੀਤਾਂ ਜਾਂਦਾ ਹੈ। 16 ਫਰਵਰੀ ਦਿਨ ਸ਼ੁਕਰਵਾਰ ਪੰਜਾਬ ਬੰਦ ਸੱਦੇ ਦੀ ਕਿਸਾਨਾਂ ਦੀ ਹਮਾਇਤ ਕਰਨ ਦਾ ਨਿਹੰਗ ਜਥੇਬੰਦੀਆਂ ਵੱਲੋਂ ਸਵਾਗਤ ਕੀਤਾ ਜਾਂਦਾ ਹੈ। ਮਿਸਲ ਭਾਈ ਤਾਰੂ ਸਿੰਘ ਜੀ ਪੂਹਲਾ ਤਰਨਾਂ ਦਲ ਦੇ ਮੁਖੀ ਨਿਹੰਗ ਜਥੇਬੰਦੀ ਦੇ ਮੁੱਖ ਜਥੇਦਾਰ ਬਾਬਾ ਰਣਜੀਤ ਸਿੰਘ ਪੂਹਲਾ ਨੇ ਅੱਗੇ ਦੱਸਿਆ ਕਿ ਮੁੱਢਲੇ ਕਿਸਾਨੀ ਅੰਦੋਲਨ ਆਮ ਤੌਰ ਤੇ ਜਗੀਰੂ ਅਤੇ ਅਰਧ-ਜਗੀਰੂ ਸਮਾਜਾਂ ਵਿੱਚ ਤਣਾਅ ਦਾ ਨਤੀਜਾ ਹੁੰਦੇ ਸਨ, ਅਤੇ ਨਤੀਜੇ ਵਜੋਂ ਹਿੰਸਕ ਵਿਦਰੋਹ ਦੇ ਰੂਪ ਵਿੱਚ ਪ੍ਰਗਟ ਹੁੰਦੇ ਸਨ। ਨੇੜਲੇ ਸਮੇਂ ਦੇ ਕਿਸਾਨ ਅੰਦੋਲਨ, ਸਮਾਜਿਕ ਅੰਦੋਲਨਾਂ ਦੀ ਪਰਿਭਾਸ਼ਾ ਵਿੱਚ ਆਉਂਦੇ ਹਨ ਜੋ ਆਮ ਤੌਰ 'ਤੇ ਬਹੁਤ ਘੱਟ ਹਿੰਸਕ ਹੁੰਦੇ ਹਨ ਅਤੇ ਉਹਨਾਂ ਦੀਆਂ ਮੰਗਾਂ ਖੇਤੀਬਾੜੀ ਉਤਪਾਦਾਂ ਲਈ ਵਧੀਆ ਕੀਮਤਾਂ, ਬਿਹਤਰ ਉਜਰਤ, ਖੇਤੀਬਾੜੀ ਕਾਮਿਆਂ ਲਈ ਕੰਮ ਕਰਨ ਦੀਆਂ ਬਿਹਤਰ ਸਥਿਤੀਆਂ ਅਤੇ ਖੇਤੀ ਉਤਪਾਦਨ ਨੂੰ ਵਧਾਉਣ' ਤੇ ਕੇਂਦ੍ਰਿਤ ਹੁੰਦੀਆਂ ਹਨ । ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਹੱਲ ਕਰਨਾ ਚਾਹੀਦਾ ਹੈ।ਇਸ ਮੌਕੇ ਤੇ ਜਥੇਦਾਰ ਰਣਜੀਤ ਸਿੰਘ ਤੋਂ ਇਲਾਵਾ, ਸੈਕਟਰੀ ਬਲਵਿੰਦਰ ਸਿੰਘ, ਅਕਾਸ਼ਦੀਪ ਸਿੰਘ ਛੋਟੂ, ਸਾਬ ਸਿੰਘ, ਤੇਜਪਾਲ ਸਿੰਘ ਬਾਠ, ਗੁਰਪ੍ਰੀਤ ਸਿੰਘ, ਖੈਹਿਰਾ ਬਾਬਾ, ਰਵੀ ਸਿੰਘ, ਬਾਬਾ ਕਾਹਨ ਸਿੰਘ ਆਦਿ ਆਗੂ ਹਾਜਰ ਸਨ।ਸੈਕਟਰੀ ਬਲਵਿੰਦਰ ਸਿੰਘ ਹੈਡ ਕੁਆਰਟਰ ਨਿਹੰਗ ਸਿੰਘ ਸਾਉਣੀ ਹਰਚੋਂਵਾਲ ਕੁਨੈਕਟ ਨੰਬਰ 9815063302 ਹੈ ਜੀ।

**ਪੁਲਿਸ ਡਰੋਨ ਰਾਹੀਂ ਅੱਥਰੂ ਗੈਸ ਕਿਸਾਨਾਂ ਤੇ ਗੋਲੇ ਸੁੱਟ ਨਾਲ ਸੈਂਕੜੇ ਕਿਸਾਨ ਜ਼ਖ਼ਮੀ ਵੀ ਹੋ ਗਏ ਹਨ ਘਟਨਾ ਗੈਰ ਕਾਨੂੰਨੀ ਦੱਸਿਆ**

## ਸੀ.ਐਮ.ਸੀ. ਤਰਸਿੱਕਾ ਵੱਲੋਂ

# ਰਾਸ਼ਟਰੀ ਡੀਵਾਰਮਿੰਗ ਡੇ ਮਨਾਇਆ ਗਿਆ




**ਮਹਿਤਾ ਚੌਂਕ, 14 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਅੰਮ੍ਰਿਤਸਰ ਦੇ ਸਿਵਲ ਸਰਜਨ ਡਾ. ਵਿਜੇ ਕੁਮਾਰ ਜੀ ਦੀ ਰਹਿਨੁਮਾਈ ਹੇਠ ਅਤੇ ਐਸ.ਐਮ.ਓ. ਡਾ. ਮੋਨਾ ਚਤਰਥ ਸੀ.ਐਮ.ਸੀ. ਤਰਸਿੱਕਾ ਦੀ ਅਗਵਾਈ ਹੇਠ ਰਾਸ਼ਟਰੀ ਡੀ ਵਾਰਮਿੰਗ ਡੇ (ਐਨ.ਡੀ.ਡੀ.) ਮਨਾਇਆ ਗਿਆ। ਵਰਣਨਯੋਗ ਹੈ ਕਿ 12 ਫਰਵਰੀ ਨੂੰ ਰਾਸ਼ਟਰੀ ਡੀਵਾਰਮਿੰਗ ਡੇ ਹੁੰਦਾ ਹੈ, ਪਰ ਸਰਕਾਰ ਇਸਨੂੰ ਸਾਲ ਵਿੱਚ ਦੋ ਵਾਰ ਮਨਾਉਂਦੀ ਹਾਂ, ਤਾਂ ਜੋ ਭਾਰਤ ਦੇ ਹਰ ਬੱਚੇ ਨੂੰ ਤੰਦਰੁਸਤ ਰੱਖਿਆ ਜਾ ਸਕੇ। ਇਸ ਲਹਿਰ ਤਹਿਤ ਇੱਕ ਤੋਂ 19 ਸਾਲ ਤੱਕ ਦੇ ਬੱਚਿਆਂ ਨੂੰ ਜਾਗਰੂਕ ਕਰਨ ਦੀ ਮੁਹਿੰਮ ਆਰੰਭੀ ਗਈ। ਪਹਿਲਾਂ ਤੋਂ ਹੀ ਚੱਲ ਰਹੀ ਇਸ ਲਹਿਰ ਤਹਿਤ ਪੂਰੇ ਇਲਾਕੇ ਦੇ ਬੱਚਿਆਂ ਵਿੱਚ ਪੇਟ ਦੇ ਕੀੜਿਆਂ ਨੂੰ ਖਤਮ ਕਰਨ ਦੀ ਮੁਹਿੰਮ ਪੂਰੇ ਜ਼ੋਰਾਂ 'ਤੇ ਪਹੁੰਚਾਈ ਗਈ। ਇਹ ਮੁਹਿੰਮ ਕਾਬਲ ਡਾਕਟਰਾਂ ਦੀ ਟੀਮ ਦੀ ਨਿਗਰਾਨੀ ਹੇਠ ਪੂਰੇ ਇਲਾਕੇ ਵਿੱਚ ਚਲਾਈ ਗਈ, ਜਿਨ੍ਹਾਂ ਵਿੱਚ ਡਾ. ਸ਼ਿਹਨ ਕੁਮਾਰ ਅਤੇ ਡਾ. ਰਾਜਬੀਰ ਕੌਰ ਜੀ ਵੀ ਸ਼ਾਮਲ ਸਨ। ਇਸ ਟੀਮ ਵੱਲੋਂ ਸਰਕਾਰੀ ਹਾਈ ਸਕੂਲ ਚੰਨਣਕੇ ਵਿਖੇ ਪਹੁੰਚ ਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਗਿਆ ਕਿ ਉਨ੍ਹਾਂ ਵੱਲੋਂ ਪਹਿਲਾਂ ਹੀ ਵਿਦਿਆਰਥੀਆਂ ਲਈ ਐਲਬੈਂਡਾਜੋਲ ਦੀਆਂ ਗੋਲੀਆਂ ਫ੍ਰੀ ਵੰਡੀਆਂ ਅਤੇ ਖੁਆਈਆਂ ਗਈਆਂ ਹਨ, ਤਾਂ ਜੋ ਉਨ੍ਹਾਂ ਦੇ ਪੇਟ ਵਿੱਚ ਪਨਪ ਚੁੱਕੇ ਕੀੜੇ ਮਾਰੇ ਜਾ ਸਕਣ। ਸਕੂਲ ਦੇ ਹੈੱਡ ਮਾਸਟਰ ਸ. ਨਰਿੰਦਰ ਸਿੰਘ ਰਾਏ ਅਤੇ ਸਮੂਹ ਸਕੂਲ ਸਟਾਫ਼ ਵੱਲੋਂ ਉਨ੍ਹਾਂ ਦੀ ਟੀਮ ਦਾ ਸੁਆਗਤ ਕੀਤਾ ਗਿਆ। ਇਸ ਮੌਕੇ ਡਾ. ਰਾਜਬੀਰ ਕੌਰ ਜੀ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਪੇਟ ਦੇ ਕੀੜਿਆਂ ਕਾਰਨ ਬੱਚਿਆਂ ਵਿੱਚ ਖ਼ੂਨ ਦੀ ਕਮੀ (ਅਨੀਮੀਆ) ਹੋ ਜਾਂਦੀ ਹੈ, ਬੱਚੇ ਦਾ ਵਿਕਾਸ ਰੁੱਕ ਜਾਂਦਾ ਹੈ, ਬੱਚਾ ਸੁਸਤ ਰਹਿੰਦਾ ਹੈ, ਜਲਦੀ ਬੀਮਾਰ ਹੋ ਜਾਂਦਾ ਹੈ, ਇਸ ਲਈ ਕਿ ਖਾਣਾ ਖਾਣ ਤੋਂ ਪਹਿਲਾਂ ਹੱਥਾਂ ਨੂੰ ਜਰੂਰ ਸਾਫ਼ ਕਰਨਾ ਚਾਹੀਦਾ ਹੈ। ਪੂਰੀ ਟੀਮ ਵੱਲੋਂ ਆਪਣੇ ਵਿਚਾਰਾਂ ਰਾਹੀਂ ਵਿਦਿਆਰਥੀਆਂ ਨੂੰ ਜਾਗਰੂਕ ਕਰਦਿਆਂ ਅਨੀਮੀਆ ਮੁਕਤ ਭਾਰਤ ਦੀ ਸੁੰਦਰ ਤਸਵੀਰ ਦਾ ਵਿਵਰਣ ਪੇਸ਼ ਕੀਤਾ ਗਿਆ। ਡਾ. ਸ਼ਿਹਨ ਕੁਮਾਰ ਵੱਲੋਂ ਕਿਹਾ ਗਿਆ ਕਿ ਸਾਨੂੰ ਨੰਗੇ ਪੈਰੀਂ ਨਹੀਂ ਤੁਰਨਾ ਚਾਹੀਦਾ, ਕਿਉਂਕਿ ਨੰਗੇ ਪੈਰਾਂ ਅਤੇ ਮੂੰਹ ਰਾਹੀਂ ਕੁੱਝ ਖਾਸ ਕਿਸਮ ਦੇ ਬੈਕਟੀਰੀਆ ਸਾਡੇ ਅੰਦਰ ਚਲੇ ਜਾਂਦੇ ਹਨ ਅਤੇ ਉਨ੍ਹਾਂ ਕਰ ਕੇ ਪੇਟ ਦੇ ਕੀੜੇ ਜਨਮ ਲੈ ਲੈਂਦੇ ਹਨ, ਜਿਸ ਕਾਰਨ ਸਾਡੀ ਸਿਹਤ ਨੂੰ ਬਹੁਤ ਨੁਕਸਾਨ ਪਹੁੰਚਦਾ ਹੈ। ਇਸ ਮੌਕੇ ਸੀ.ਐਚ.ਸੀ. ਤਰਸਿੱਕਾ ਤੋਂ ਡਾ. ਹਰਕ੍ਰਿਸ਼ਨ ਸਿੰਘ, ਸਟਾਫ ਨਰਸ ਪ੍ਰਭਦੀਪ ਕੌਰ, ਸਟਾਫ਼ ਨਰਸ ਨਵਨੀਤ ਕੌਰ, ਡਾ ਭਾਵਨਾ ਸੀ.ਐਚ.ਓ. ਚੰਨਣਕੇ, ਕੋਮਲਪ੍ਰੀਤ ਕੌਰ ਏ.ਐਨ.ਐਮ., ਨਿਰਮਲ ਸਿੰਘ ਵਰਕਰ, ਅਮਨਦੀਪ ਕੌਰ ਆਸ਼ਾ ਵਰਕਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਮੋਦੀ ਸਰਕਾਰ ਕਿਸਾਨਾਂ ਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਦੀ ਬਜਾਏ ਉਨਾਂ ਦੇ ਮਸਲੇ ਹੱਲ ਕਰੇ ਬੇਗਾਨਿਆਂ ਵਾਂਗ ਬਾਡਰ ਸੀਲ ਕਰਕੇ ਪੰਜਾਬ ਨਾਲ ਕੀਤਾ ਜਾ ਰਿਹਾ ਵਿਤਕਰਾ ਨਿੰਦਣਯੋਗ : ਅਵਤਾਰ ਟੱਕਰ



ਜੰਡਿਆਲਾ ਗੁਰੂ 14 ਫਰਵਰੀ ( ਕੁਲਵੰਤ ਸਿੰਘ ਵਿਰਦੀ) ਦੇਸ਼ ਦੇ ਹਰ ਇਕ ਵਾਸੀ ਦਾ ਢਿੱਡ ਭਰਨ ਲਈ ਅਨਾਜ ਪੈਦਾ ਕਰਨ ਵਾਲਾ ਕਿਸਾਨ ਆਪਣੇ ਹੱਕਾਂ ਲਈ ਸੜਕਾਂ ਤੇ ਰਾਤਾਂ ਗੁਜ਼ਾਰ ਕਿ ਅੱਜ ਸੰਘਰਸ਼ ਦੇ ਰਾਹ ਤੇ ਪੈ ਕਿ ਆਪਣੀਆਂ ਮੰਗਾ ਨੂੰ ਸਰਕਾਰ ਦੇ ਦਰ ਤੇ ਪਹੁੰਚ ਕੇ ਉਨ੍ਹਾਂ ਮੰਗਾਂ ਨੂੰ ਹੱਲ ਕਰਵਾਉਣਾ ਚਾਹੁੰਦਾ ਹੈ ਲੇਕਿਨ ਸੰਘਰਸ਼ ਦੇ ਰਾਹ ਤੇ ਤੁਰੇ ਹੋਏ ਪੰਜਾਬ ਭਰ ਦੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਹਰਿਆਣਾ ਸਰਕਾਰ ਵੱਲੋਂ ਗੈਰਸੰਵਿਧਾਨਕ ਕਾਰਵਾਈ ਕਰਦਿਆਂ ਹੋਇਆਂ ਦਿੱਲੀ ਨੂੰ ਜਾਣ ਵਾਲੇ ਰਸਤਿਆਂ ਵਿੱਚ ਇਕ ਵੱਖਰੇ ਦੇਸ਼ ਦੀ ਤਰ੍ਹਾਂ ਬਾਡਰਾਂ ਨੂੰ ਸੀਲ ਕੀਤਾ ਗਿਆ ਹੈ ਅਤੇ ਸ਼ਾਂਤੀ ਪ੍ਰਸਤ ਪੰਜਾਬ ਦੇ ਕਿਸਾਨਾਂ ਤੇ ਆਮ ਲੋਕਾਂ ਉਪਰ ਵੱਡੀ ਗਿਣਤੀ ਵਿੱਚ ਅੱਥਰੂ ਗੈਸ ਦੇ ਗੋਲੇ ਬਿਨਾਂ ਰੁਕੇ ਸੁੱਟੇ ਗਏ ਹਨ ਅਤੇ ਪੁਲਿਸ ਬਲ ਦੀ ਵਰਤੋ ਕਰਕੇ ਉਨਾਂ ਨੂੰ ਦਬਾਉਣਾ ਚਾਹੁੰਦੀ ਹੈ ਜੋ ਲੋਕਤੰਤਰੀ ਢਾਂਚੇ ਦੇ ਵਿਰੁੱਧ ਹੈ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਮੀਤ ਪ੍ਰਧਾਨ ਅਵਤਾਰ ਸਿੰਘ ਟੱਕਰ ਨੇ ਕੀਤਾ ਅਤੇ ਅੱਗੇ ਟੱਕਰ ਨੇ ਕਿਹਾ ਕਿ ਕਿਸਾਨੀ ਦੇਸ਼ ਦੀ ਰੀੜ੍ਹ ਦੀ ਹੱਡੀ ਹੈ ਅਤੇ ਪੰਜਾਬ ਭਰ ਦੇ ਨਹੀਂ ਬਲਕਿ ਹਰ ਇੱਕ ਸੂਬੇ ਦੇ ਕਿਸਾਨਾਂ ਦੀਆਂ ਮੰਗਾਂ ਹਨ ਜਿਨ੍ਹਾਂ ਮੰਗਾਂ ਨੂੰ ਨਜ਼ਰਅੰਦਾਜ਼ ਨਹੀ ਕੀਤਾ ਜਾਣਾ ਚਾਹੀਦਾ ਅੱਗੇ ਉਨਾਂ ਕਿਸਾਨਾਂ ਦੇ ਸ਼ਾਂਤਮਈ ਸੰਘਰਸ਼ ਨੂੰ ਰੋਕਣ ਲਈ ਪੁਲਿਸ ਸ਼ਕਤੀ ਦੀ ਵਰਤੋ ਦੀ ਨਿੰਦਾ ਕਰਦਿਆਂ ਕਿਹਾ ਕਿ ਲੋਕਤੰਤਰ ਅੰਦਰ ਹ ?ਕੀ ਮੰਗਾ ਲਈ ਸ਼ਾਂਤਮਈ ਪ੍ਰਦਰਸ਼ਨ ਕਰਨਾ ਹਰੇਕ ਦੇਸ਼ ਵਾਸੀ ਦਾ ਹੱਕ ਹੈ ਇਸ ਲਈ ਸਰਕਾਰਾਂ ਨੂੰ ਕਿਸਾਨਾਂ ਦੇ ਮਸਲਿਆਂ ਦਾ ਤੁਰੰਤ ਹੱਲ ਕਰਨਾ ਚਾਹੀਦਾ ਹੈ ਜਿਸ ਪ੍ਰਤੀ ਕੇਂਦਰ ਸਰਕਾਰ ਨੂੰ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ ਜਿਸ ਨਾਲ ਦੇਸ਼ ਵਿਚ ਭਾਈਚਾਰਕ ਸਾਂਝ ਬਰਕਰਾਰ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

# ਬਠਿੰਡਾ ਜ਼ਿਲ੍ਹੇ 'ਚ ਧਾਰਾ 144 ਤਹਿਤ ਪਾਬੰਦੀਆਂ ਲਾਗੂ



ਬਠਿੰਡਾ, 14 ਫਰਵਰੀ (ਗੁਰਜੰਟ ਸਿੰਘ ਨਥੇਹਾ)- ਜ਼ਿਲ੍ਹਾ ਮੈਜਿਸਟ੍ਰੇਟ ਸ. ਜਸਪ੍ਰੀਤ ਸਿੰਘ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਬਠਿੰਡਾ ਦੀ ਹਦੂਦ ਅੰਦਰ ਪਾਬੰਦੀ ਲਗਾਉਣ ਸਬੰਧੀ ਹੁਕਮ ਜਾਰੀ ਕੀਤੇ ਹਨ।ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਜ਼ਿਲ੍ਹੇ ਦੀ ਖੇਤਰੀ ਸੀਮਾ ਦੇ ਅੰਦਰ ਕਿਸੇ ਕਿਸਮ ਦਾ ਜਲੂਸ ਕੱਢਣ, ਕੋਈ ਸਮਾਗਮ ਕਰਨ, ਕਿਸੇ ਸਮਾਗਮ ਜਾਂ ਜਲੂਸ ਵਿੱਚ ਹਥਿਆਰ ਚੁੱਕ ਕੇ ਚੱਲਣ, ਜਨਤਕ ਥਾਵਾਂ 'ਤੇ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਜਨਤਕ ਥਾਵਾਂ 'ਤੇ ਮੀਟਿੰਗ ਕਰਨ, ਨਾਹਰੇ ਲਗਾਉਣ, ਅਗੇਤਰੀ ਪ੍ਰਵਾਨਗੀ ਬਗੈਰ ਜਲੂਸ ਕੱਢਣ ਅਤੇ ਪ੍ਰਚਾਰ ਕਰਨ ਦੀ ਮਨਾਹੀ ਕੀਤੀ ਗਈ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਬਠਿੰਡਾ ਦੀ ਹਦੂਦ ਅੰਦਰ ਲਾਇਸੰਸੀ ਹਥਿਆਰ, ਨੰਗੀਆਂ ਤਲਵਾਰਾਂ, ਬਰਛੇ ਭਾਲੇ ਅਤੇ ਹੋਰ ਕਿਸੇ ਵੀ ਤਰ੍ਹਾਂ ਦੇ ਮਾਰੂ ਹਥਿਆਰ ਚੁੱਕਣ, ਚਲਾਉਣ ਅਤੇ ਉਨ੍ਹਾਂ ਦਾ ਪ੍ਰਦਰਸ਼ਨ ਕਰਨ 'ਤੇ ਪੂਰਨ ਰੋਕ ਲਗਾਈ ਗਈ ਹੈ। ਇਹ ਹੁਕਮ ਪੁਲਿਸ/ਆਰਮੀ ਵਰਦੀਆਂ ਵਿੱਚ ਮਿਲਟਰੀ ਅਮਲਾ ਤੇ ਕੋਈ ਹੋਰ ਸਰਕਾਰੀ ਕਰਮਚਾਰੀਆਂ 'ਤੇ ਲਾਗੂ ਨਹੀਂ ਹੋਵੇਗਾ। ਇਹ ਹੁਕਮ 11 ਅਪ੍ਰੈਲ 2024 ਤੱਕ ਲਾਗੂ ਰਹਿਣਗੇ।

# ★ ਵਰ੍ਹੇਗੰਢ ਮੁਬਾਰਕ ★



ਗਗਨਦੀਪ ਸਿੰਘ ਰਿਆੜ ਅਤੇ ਦਵਿੰਦਰ ਕੌਰ ਰਿਆੜ ਵਾਸੀ ਹਰਚੋਵਾਲ ਨੂੰ ਵਿਆਹ ਦੀ 23ਵੀਂ ਵਰੇਗੰਢ ਦੀਆਂ ਮੁਬਾਰਕਾਂ।



ਰਣਜੀਤ ਸਿੰਘ ਪੇਧਨੀ ਤੇ ਸਿਮਰਨਜੀਤ ਕੌਰ ਨੂੰ ਵਿਆਹ ਦੀ ਵਰੇਗੰਢ ਦੀਆਂ ਮੁਬਾਰਕਾਂ।



ਆਵਾਜ਼ਿ ਕੌਮ AWAZE QAUM International Newspaper & WEB TV

ਨਿਰਵੈਰ ਸਿੰਘ ਸ਼ੇਰਗਿੱਲ ਬੱਦੋਵਾਲ ਤੇ ਪ੍ਰੀਵਨ ਕੌਰ ਸ਼ੇਰਗਿੱਲ ਨੇ ਵਿਆਹ ਦੀ ਵੀਂ ਵਰ੍ਹੇਗੰਢ ਮਨਾਈ।

## ਚੜ੍ਹਦੀਕਲਾ ਵੈਲਫ਼ੇਅਰ ਕਲੱਬ ਜਗਾ ਰਾਮ ਤੀਰਥ ਵੱਲੋਂ

# ਲਗਾਇਆ ਮੁ.ਫਤ ਮੈਡੀਕਲ ਚੈੱਕਅਪ ਕੈਂਪ





**ਤਲਵੰਡੀ ਸਾਬੋ, 14 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਨਜ਼ਦੀਕੀ ਪਿੰਡ ਨਦ ਜਗਾ ਰਾਮ ਤੀਰਥ ਵਿਖੇ ਚੜਦੀਕਲਾ ਵੈਲਫ਼ੇਅਰ ਕਲੱਬ ਜਗਾ ਰਾਮ ਤੀਰਥ ਵੱਲੋਂ ਰਾਜ ਨਰਸਿੰਗ ਹੋਮ ਤਲਵੰਡੀ ਸਾਬੋ ਦੇ ਸਹਿਯੋਗ ਨਾਲ ਗੁਰਦੁਆਰਾ ਸ਼੍ਰੀ ਗੁਰਦਰਸ਼ਨ ਪ੍ਰਕਾਸ਼ ਵਿਖੇ ਮੁ.ਫਤ ਮੈਡੀਕਲ ਅਤੇ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਮੁ.ਫਤ ਚੈੱਕਅਪ ਦੇ ਨਾਲ ਨਾਲ ਮਰੀਜਾਂ ਨੂੰ ਸ਼ੂਗਰ, ਬਲੱਡ ਪਰੈਸ਼ਰ ਆਦਿ ਦੇ ਟੈਸਟ ਵੀ ਕੀਤੇ ਗਏ ਅਤੇ ਦਵਾਈਆਂ ਤਕਸੀਮ ਕੀਤੀਆਂ ਗਈਆਂ।ਰਾਜ ਨਰਸਿੰਗ ਹੋਮ ਤਲਵੰਡੀ ਸਾਬੋ ਦੇ ਡਾਕਟਰ ਇੰਦੂ ਗੁਪਤਾ ਐਮਬੀਬੀਐਸ, ਐਮ ਡੀ ਮੈਡੀਸਨ ਵੱਲੋਂ ਮਰੀਜਾਂ ਨੂੰ ਬਿਮਾਰੀਆਂ ਸਬੰਧੀ ਜਾਗਰੂਕ ਕਰਦਿਆਂ ਕਿਹਾ ਕਿ ਹਰ ਵਿਅਕਤੀ ਨੂੰ ਸਮੇਂ-ਸਮੇਂ 'ਤੇ ਆਪਣੇ ਸਰੀਰ ਦੀ ਚੈੱਕਅਪ ਕਰਵਾਉਂਦੇ ਰਹਿਣਾ ਚਾਹੀਦਾ ਹੈ ਅਤੇ ਬਹੁਤ ਜਰੂਰੀ ਵੀ ਹੈ ਤਾਂ ਕਿ ਸਮੇਂ ਸਿਰ ਇਲਾਜ ਹੋ ਸਕੇ। ਡਾਕਟਰ ਇੰਦੂ ਗੁਪਤਾ ਨੇ ਕਿਹਾ ਕਿ ਅਗਲੇ ਮਹੀਨੇ ਵੀ ਅਜਿਹੇ ਕੈਂਪ ਲਗਾਵਾਂਗੇ। ਇਸ ਮੌਕੇ ਕਲੱਬ ਪ੍ਰਧਾਨ ਜੱਗਾ ਸਿੰਘ ਨੇ ਜਿੱਥੇ ਡਾਕਟਰ ਇੰਦੂ ਗੁਪਤਾ ਅਤੇ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਸਨਮਾਨਿਤ ਕੀਤਾ ਉਥੇ ਕਿਹਾ ਕਿ ਚੜਦੀਕਲਾ ਵੈਲਫ਼ੇਅਰ ਕਲੱਬ ਵੱਲੋਂ ਸਮੇਂ-ਸਮੇਂ 'ਤੇ ਵੱਖ-ਵੱਖ ਬਿਮਾਰੀਆਂ ਸਬੰਧੀ ਜਾਗਰੂਕ ਕਰਨ ਅਤੇ ਰੋਕਥਾਮ ਸਬੰਧੀ ਕੈਂਪ ਲਗਾਉਂਦੇ ਰਹਾਂਗੇ। ਇਸ ਮੌਕੇ ਡਾਕਟਰ ਇੰਦੂ ਗੁਪਤਾ ਅਤੇ ਉਹਨਾਂ ਟੀਮ ਵਲੋਂ ਵੀ ਕਲੱਬ ਨੂੰ ਸਨਮਾਨਿਤ ਕੀਤਾ। ਹੋਰਨਾਂ ਤੋਂ ਇਲਾਵਾ ਰਾਜਪਾਲ ਸਿੰਘ, ਰਛਪਾਲ ਸਿੰਘ ਮਾਨ, ਬਿੱਟੂ ਸਿੰਘ ਸੰਧੂ, ਬਾਬਾ ਜੱਸਾ ਸਿੰਘ ਹਾਜ਼ਰ ਹਨ।

## ਗੁਰੂ ਕਾਸ਼ੀ ਯੂਨੀਵਰਸਿਟੀ ਨੇ

# ਚਾਵਾਂ ਮਲ੍ਹਾਰਾਂ ਨਾਲ ਮਨਾਇਆ 'ਵਿਸ਼ਵ ਰੇਡੀਓ ਦਿਹਾੜਾ'








**ਤਲਵੰਡੀ ਸਾਬੋ, 13 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਗੁਰੂ ਕਾਸ਼ੀ ਯੂਨੀਵਰਸਿਟੀ ਦੇ ਜੀ.ਕੇ.ਯੂ ਰੇਡੀਓ 90.4 ਨੇ ਉਪ ਕੁਲਪਤੀ ਪ੍ਰੋ.(ਡਾ.) ਐਸ.ਕੇ.ਬਾਵਾ ਦੀ ਪ੍ਰੇਰਣਾ ਸਦਕਾ ਡਾਇਰੈਕਟਰ ਵਿਦਿਆਰਥੀ ਭਲਾਈ ਸ. ਸਰਦੂਲ ਸਿੰਘ ਸਿੱਧੂ ਦੀ ਰਹਿ ਨੁਮਾਈ ਹੇਠ ਐਨ.ਐਸ.ਐਸ. ਵਿਭਾਗ ਅਤੇ 'ਵਰਸਿਟੀ ਦੇ ਰੈੱਡ ਰਿਬਨ ਕਲੱਬਾਂ ਦੇ ਸਹਿਯੋਗ ਨਾਲ "ਵਿਸ਼ਵ ਰੇਡੀਓ ਦਿਹਾੜਾ" ਬੜੇ ਚਾਵਾਂ ਮਲ੍ਹਾਰਾਂ ਨਾਲ ਮਨਾਇਆ। ਇਸ ਮੌਕੇ ਮੁੱਖ ਬੁਲਾਰੇ ਸਰਦੂਲ ਸਿੰਘ ਸਿੱਧੂ ਨੇ ਰੇਡੀਓ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਨਿਰੋਏ ਸਮਾਜ ਦੀ ਸਿਰਜਣਾ ਵਿੱਚ ਰੇਡੀਓ ਦਾ ਬਹੁਤ ਵੱਡਾ ਯੋਗਦਾਨ ਹੈ। ਰੇਡੀਓ ਦੀ ਆਵਾਜ਼ ਹੱਦਾ ਸਰਹੱਦਾਂ ਦੀ ਮੋਹਤਾਜ ਨਹੀਂ ਹੁੰਦੀ ਇਸ ਦਾ ਸੁਨੇਹਾ ਦੂਰ ਤੱਕ ਜਾਂਦਾ ਹੈ ਤੇ ਲੰਮੇਂ ਸਮੇਂ ਤੱਕ ਯਾਦ ਰਹਿੰਦਾ ਹੈ। ਉਨ੍ਹਾਂ ਐਨ.ਐਸ.ਐਸ. ਵਿਭਾਗ ਤੇ ਰੈੱਡ ਰਿਬਨ ਕਲੱਬਾਂ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਨ੍ਹਾਂ ਵਿਭਾਗਾਂ ਵੱਲੋਂ ਸ੍ਵੈ-ਇੱਛੁਕ ਖ਼ੂਨਦਾਨ ਦੀ ਲਹਿਰ, ਏਡਜ਼ ਪ੍ਰਤੀ ਜਾਗਰੂਕਤਾ ਮੁਹਿੰਮ, ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਅਤੇ ਨਿੱਘਰ ਸਮਾਜ ਦੇ ਨਿਰਮਾਣ ਲਈ ਨੌਜਵਾਨਾਂ ਨੇ ਸ਼ਲਾਘਾਯੋਗ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਦਾ ਯੁਵਾ ਵਰਗ ਦੇਸ਼ ਨੂੰ ਬੁਲੰਦੀ ਦੇ ਸ਼ਿਖਰਾਂ ਤੇ ਲੈ ਕੇ ਜਾਵੇਗਾ। ਇਸ ਨੂੰ ਲੋੜ ਹੈ ਸਿਰਫ ਯੋਗ ਅਗਵਾਈ ਦੀ। ਉਨ੍ਹਾਂ ਨੌਜਵਾਨਾਂ ਦੇ ਜੌਸ਼, ਜਨੂਨ ਅਤੇ ਪ੍ਰਤਿਭਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੁਣ ਤਕਨੀਕ, ਕੰਪਿਊਟਰ ਅਤੇ ਵਿਗਿਆਨ ਦੇ ਯੁਗ ਵਿੱਚ ਭਾਰਤ ਦੀ ਯੁਵਾ ਪੀੜ੍ਹੀ ਆਪਣੀ ਵੱਖਰੀ ਪਹਿਚਾਣ ਬਣਾ ਰਹੀ ਹੈ। ਉਨ੍ਹਾਂ ਸਾਰਿਆਂ ਨੂੰ ਰਾਸ਼ਟਰ ਨਿਰਮਾਣ ਵਿੱਚ ਜੁਟ ਜਾਣ ਲਈ ਕਿਹਾ। ਇਸ ਮੌਕੇ ਜੀ.ਕੇ.ਯੂ. ਰੇਡੀਓ ਤੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਸੱਭਿਆਚਾਰਕ ਵੰਨਗੀਆਂ ਦੀ ਰਿਕਾਰਡਿੰਗ ਪ੍ਰਸਾਰਿਤ ਕੀਤੀ ਗਈ। ਡਿਪਟੀ ਡਾਇਰੈਕਟਰ ਜੀ.ਕੇ.ਯੂ. ਰੇਡੀਓ ਲਵਲੀਨ ਸੱਚਦੇਵਾ ਨੇ ਵਿਦਿਆਰਥੀਆਂ ਨੂੰ ਵਿਸ਼ਵ ਰੇਡੀਓ ਦਿਹਾੜੇ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਰੇਡੀਓ ਮਨੋਰੰਜਨ ਦੇ ਨਾਲ-ਨਾਲ ਵਿਦਿਆਰਥੀਆਂ ਦੇ ਵਿਅਕਤੀਤੱਵ ਵਿਕਾਸ ਵਿੱਚ ਵੱਡਮੁਲਾ ਯੋਗਦਾਨ ਪਾਉਂਦਾ ਹੈ। ਕਿਉਂਕਿ ਰੇਡੀਓ ਤੇ ਆਲੇ ਦੁਆਲੇ ਵਿੱਚ ਵਾਪਰ ਰਹੀਆਂ ਘਟਨਾਵਾਂ, ਚਲੰਤ ਮਾਮਲਿਆਂ ਸਬੰਧੀ ਪ੍ਰੋਗਰਾਮ, ਗਤੀਵਿਧੀਆਂ ਅਤੇ ਮਨੋਰੰਜਨ ਸਬੰਧੀ ਜਾਣਕਾਰੀ ਲਗਾਤਾਰ ਪ੍ਰਸਾਰਿਤ ਹੁੰਦੀ ਰਹਿੰਦੀ ਹੈ। ਸਮਾਰੋਹ ਵਿੱਚ ਵੱਖ-ਵੱਖ ਵਿਭਾਗਾਂ ਦੇ ਡੀਨ, ਸਟਾਫ ਮੈਂਬਰਾਂ ਅਤੇ ਲਗਭਗ 100 ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਵੱਖ-ਵੱਖ ਸੱਭਿਆਚਾਰਕ ਵੰਨਗੀਆਂ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਐਨ.ਐਸ.ਐਸ ਕੁਆਰਡੀਨੇਟਰ ਡਾ.ਜਸਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਉਸਾਰੂ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਸਮਾਰੋਹ ਦਾ ਮੰਚ ਸੰਚਾਲਨ ਮਨਪ੍ਰੀਤ ਬਰਾੜ ਨੇ ਬਾਖੂਬੀ ਕੀਤਾ।

# ਮੂਨਕ ਅਦਾਲਤ ਵੱਲੋਂ ਢੀਂਡਸਾ ਅਤੇ ਬਾਕੀ ਵਿਆਕਤੀਆਂ ਨੂੰ ਬਰੀ ਕਰਨ ਦੇ ਦਿੱਤੇ ਹੁਕਮ



ਲਹਿਰਾਗਾਗਾ ( ਰਣਜੀਤ ਸਿੰਘ ਪੇਧਨੀ ) ਸਾਲ 2017 ਵਿੱਚ ਲਹਿਰਾਗਾਗਾ ਨਹਿਰ ਦੇ ਵਿੱਚ ਪੁਲ ਦੀ ਹਾਲਤ ਖਾਦਸਾ ਹੋਣ ਕਾਰਨ ਸਬੰਧੀ ਲਹਿਰਾਗਾਗਾ ਦੇ ਵਾਸੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਜਿਸ ਵਿਚ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਸ, ਪਰਮਿੰਦਰ ਸਿੰਘ ਢੀਡਸਾਂ ਵੱਲੋਂ ਰੋਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਤੌਰ ਤੇ ਸਮੂਲੀਅਤ ਕੀਤੀ ਗਈ ਸੀ। ਜਿਸ ਦੇ ਚਲਦਿਆਂ ਲਹਿਰਾਗਾਗਾ ਥਾਣਾ ਵੱਲੋਂ ਅ/ਧ 283/ 341 ਦੇ ਤਹਿਤ 195 ਨੰਬਰ ਮੁਕਦਮਾ ਦਰਜ ਕੀਤਾ ਗਿਆ ਸੀ। ਜਿਸ ਦੇ ਚੱਲਦਿਆਂ ਅਦਾਲਤ ਵੱਲੋਂ ਪਰਮਿੰਦਰ ਸਿੰਘ ਢੀਂਡਸਾ, ਰਾਮਪਾਲ ਸਿੰਘ ਬਹਿਣੀਵਾਲ, ਸੱਜੂ ਸਰਪੰਚ ,ਪਰਮਿੰਦਰ ਸਿੰਘ, ਕੁਲਵੰਤ ਸਿੰਘ, ਸਤਪਾਲ ਸਿੰਘ, ਮੇਘ ਰਾਜ, ਝਮੇਲਾ ਰਾਮ ਐਮਸੀ ਆਦਿ ਵਿਅਕਤੀਆਂ ਨੂੰ ਨਾਮਜਦ ਕੀਤਾ ਗਿਆ ਸੀ। ਕੇਸ ਦੀ ਪੈਰਵਾਈ ਕਰਦਿਆਂ ਐਡਵੋਕੇਟ ਸਾਹਿਲ ਗੋਇਲ ਅਤੇ ਰਾਜਦੀਪ ਭਗਰੀਆ ਵੱਲੋਂ ਕੀਤੀ ਗਈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਐਡਵੋਕੇਟ ਸਾਹਿਲ ਗੋਇਲ ਨੇ ਕਿਹਾ ਕਿ ਮਿਤੀ 12/2/24 ਨੂੰ ਦੋਵਾਂ ਵਕੀਲ ਸਾਹਿਬਾਨਾਂ ਦੀਆਂ ਦਲੀਲਾਂ ਸੁਣਦਿਆਂ ਸਬ ਡਿਵੀਜ਼ਨ ਜੂਡਿਸਲ ਮਜਿਸਟਰੇਟ ਮੂਨਕ ਦੇ ਜੱਜ ਮੈਡਮ ਇੰਦੂ ਬਾਲਾ ਵੱਲੋਂ ਸਾਬਕਾ ਮੰਤਰੀ ਪਰਮਿੰਦਰ ਢੀਡਸਾ ਅਤੇ ਹੋਰ ਨਾਮਜਦ ਵਿਅਕਤੀਆਂ ਨੂੰ ਬਰੀ ਕਰਨ ਫੈਸਲਾ ਸੁਣਾਇਆ ਗਿਆ ਹੈ।

# ਪੰਜਾਬ ਅਤੇ ਸੈਂਟਰ ਦੀਆਂ ਖੇਤੀਬਾੜੀ ਨੀਤੀਆਂ ਤੇ ਅਮਲਾਂ ਨੇ ਜ਼ਿੰਮੀਦਾਰਾਂ ਕਿੱਤੇ ਦਾ ਤ੍ਰਾਹ ਕੱਢਕੇ ਰੱਖ ਦਿੱਤਾ ਹੈ : ਮਾਨ



**ਫ਼ਤਹਿਗੜ੍ਹ ਸਾਹਿਬ ( ਰਣਜੀਤ ਸਿੰਘ ਪੇਧਨੀ )**-"ਜ਼ਿੰਮੀਦਾਰਾਂ ਕਿਸਾਨੀ ਕਿੱਤਾ ਬਹੁਤ ਹੀ ਦਿਨ-ਰਾਤ ਦੀ ਮਿਹਨਤ ਅਤੇ ਅਤਿ ਦੀ ਸਰਦੀ-ਗਰਮੀ ਦੇ ਮੌਸਮ ਵਿਚ ਵੀ ਆਪਣੀ ਫ਼ਸਲ ਦੀ ਦੇਖਭਾਲ ਕਰਨ ਹਿੱਤ ਜ਼ਿੰਮੀਦਾਰ ਨੂੰ ਆਪਣੀ ਫ਼ਸਲ ਪਾਲਣ ਲਈ ਬਹੁਤ ਮੁਸਕਿਲਾਂ ਦਾ ਸਾਹਮਣਾ ਕਰਨਾ ਪੈਦਾ ਹੈ । ਪਰ ਦੁੱਖ ਅਤੇ ਅਫ਼ਸੋਸ ਹੈ ਕਿ ਪੰਜਾਬ ਸਰਕਾਰ ਤੇ ਸੈਂਟਰ ਦੀਆਂ ਕਿਸਾਨ, ਖੇਤ-ਮਜਦੂਰ ਪ੍ਰਤੀ ਅਪਣਾਈਆ ਦਿਸ਼ਾਹੀਣ ਨੀਤੀਆ ਦੀ ਬਦੌਲਤ ਜ਼ਿੰਮੀਦਾਰਾਂ ਦੀ ਪੈਦਾਵਾਰ ਦੀ ਸਹੀ ਕੀਮਤ ਪ੍ਰਦਾਨ ਨਾ ਕਰਕੇ ਅਤੇ ਉਨ੍ਹਾਂ ਦੀਆਂ ਉਤਪਾਦ ਫਸਲਾਂ ਅਤੇ ਸਬਜੀਆਂ ਆਦਿ ਦੀ ਕੌਮਾਂਤਰੀ ਮੰਡੀ ਵਿਚ ਵਿਕਰੀ ਕਰਨ ਦੇ ਮੌਕੇ ਪ੍ਰਦਾਨ ਨਾ ਕਰਨ ਦੀ ਬਦੌਲਤ ਜਿੰਮੀਦਾਰਾਂ ਕਿੱਤਾ ਤਬਾਹ ਕਰਕੇ ਰੱਖ ਦਿੱਤਾ ਹੈ ਅਤੇ ਜਿੰਮੀਦਾਰ ਵਰਗ ਇਸਦੀ ਬਦੌਲਤ ਤ੍ਰਾਹ-ਤ੍ਰਾਹ ਕਰ ਰਿਹਾ ਹੈ । ਜਿਸ ਲਈ ਪੰਜਾਬ ਤੇ ਸੈਂਟਰ ਦੀਆਂ ਦੋਵੇ ਸਰਕਾਰਾਂ ਸਿੱਧੇ ਤੌਰ ਤੇ ਜਿੰਮੇਵਾਰ ਹਨ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿੰਨੂ ਪੈਦਾ ਕਰਨ ਵਾਲੇ ਕਿਸਾਨਾਂ, ਜਿੰਮੀਦਾਰਾਂ ਦੀ ਕਿੰਨੂ ਦੀ ਫ਼ਸਲ ਦੀ ਨਾਮਾਤਰ ਕੀਮਤ ਦੇਣ ਉਤੇ ਦੋਵੇ ਸਰਕਾਰਾਂ ਦੀਆਂ ਨੀਤੀਆ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਜਿੰਮੀਦਾਰਾਂ ਪ੍ਰਤੀ ਅਪਣਾਏ ਜਾ ਰਹੇ ਵਤੀਰੇ ਨੂੰ ਤੁਰੰਤ ਕਿਸਾਨ ਪੱਖੀ ਕਰਨ ਦੀ ਜੋਰਦਾਰ ਆਵਾਜ ਉਠਾਉਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜਦੋਂ ਸਰਦੀ ਦੇ ਦਿਨਾਂ ਵਿਚ ਰੂਸ ਅਤੇ ਹੋਰ ਯੂਰਪਿੰਨ ਮੁਲਕਾਂ ਵਿਚ ਬਰਫ ਪੈ ਰਹੀ ਹੈ ਤਾਂ ਇਹ ਕਿੰਨੂ ਦੀ ਫਸਲ ਇਨ੍ਹਾਂ ਮੁਲਕਾਂ ਵਿਚ ਜਾਂਦੀ ਹੈ । ਦੂਸਰਾ ਸਾਡੇ ਇਥੇ ਹਾਲੈਂਡ ਤੋ ਵੀ ਵਧੀਆ ਕਿਸਮ ਦਾ ਆਲੂ ਦਾ ਬੀਜ ਤਿਆਰ ਹੁੰਦਾ ਹੈ, ਜਿਸ ਨੂੰ ਬਾਹਰਲੇ ਮੁਲਕਾਂ ਵਿਚ ਭੇਜਣ ਲਈ ਅਸੀ ਪੰਜਾਬ ਦੇ ਜਲੰਧਰ ਤੇ ਹੋਰ ਕਈ ਇਲਾਕਿਆ ਵਿਚ ਏ.ਸੀ. ਬੋਗੀਆ ਸਪਲਾਈ ਲਈ ਮੰਗ ਕੀਤੀ ਸੀ ਜਿਸ ਉਤੇ ਕੋਈ ਗੌਰ ਨਹੀ ਕੀਤੀ ਗਈ । ਕਿੰਨੂ, ਆਲੂ ਦੇ ਵਧੀਆ ਕਿਸਮ ਦੇ ਬੀਜ ਅਤੇ ਹੋਰ ਖੇਤੀ ਉਤਪਾਦਾਂ ਨੂੰ ਉਤਸਾਹਿਤ ਕਰਨ ਲਈ ਸੈਂਟਰ ਸਰਕਾਰ ਵੱਲੋ ਕੋਈ ਅਮਲ ਤੇ ਨੀਤੀ ਨਹੀ ਅਪਣਾਈ ਜਾ ਰਹੀ । ਜੋ ਹੋਰ ਵੀ ਹਕੂਮਤੀ ਦੁੱਖਦਾਇਕ ਵਰਤਾਰਾ ਹੈ । ਉਨ੍ਹਾਂ ਕਿਹਾ ਕਿ ਅਸੀ ਲੰਮੇ ਸਮੇ ਤੋ ਸੈਂਟਰ ਤੇ ਪੰਜਾਬ ਦੀਆਂ ਸਰਕਾਰਾਂ ਨੂੰ ਲਿਖਤੀ ਪੱਤਰਾਂ ਰਾਹੀ ਅਤੇ ਮੀਡੀਏ ਰਾਹੀ ਆਵਾਜ ਉਠਾਕੇ ਨਿਰੰਤਰ ਕਹਿੰਦੇ ਆ ਰਹੇ ਹਾਂ ਕਿ ਉਹ ਪਾਕਿਸਤਾਨ ਨਾਲ ਲੱਗਦੀਆਂ ਕੌਮਾਂਤਰੀ ਸਰਹੱਦਾਂ ਜਿਵੇ ਅਟਾਰੀ, ਵਾਹਗਾ, ਸੁਲੇਮਾਨਕੀ, ਹੁਸੈਨੀਵਾਲਾ ਖੇਤੀ ਪੈਦਾਵਾਰ ਅਤੇ ਵਪਾਰੀਆਂ ਤੇ ਉਦਯੋਗਪਤੀਆਂ ਵੱਲੋ ਬਣਾਈਆ ਜਾਣ ਵਾਲੀਆ ਵਸਤਾਂ ਦੀ ਖੁੱਲ੍ਹੀ ਵਿਕਰੀ ਲਈ ਇਹ ਸਰਹੱਦਾਂ ਵਪਾਰ ਲਈ ਖੋਲ੍ਹੀਆ ਜਾਣ ਤਾਂ ਕਿ ਦੋਵੇ ਕਿਸਾਨ, ਉਦਯੋਗਪਤੀ ਤੇ ਵਪਾਰੀ ਵਰਗ ਆਪਣੀਆ ਉਤਪਾਦ ਵਸਤਾਂ ਪਾਕਿਸਤਾਨ, ਭੂਟਾਨ, ਬੰਗਲਾਦੇਸ਼, ਸ੍ਰੀਲੰਕਾ, ਵੈਸਟ ਬੰਗਾਲ, ਮਾਲਦੀਵ ਮੁਲਕਾਂ ਵਿਚ ਅਤੇ ਹੋਰ ਯੂਰਪਿੰਨ ਮੁਲਕਾਂ ਵਿਚ ਆਪਣੇ ਉਤਪਾਦਾਂ ਨੂੰ ਉੱਚੀਆ ਕੀਮਤਾਂ ਤੇ ਵੇਚਕੇ ਲਾਭ ਪ੍ਰਾਪਤ ਕਰ ਸਕਣ ਅਤੇ ਆਪਣੀ ਆਰਥਿਕਤਾ ਨੂੰ ਮਜਬੂਤ ਕਰ ਸਕਣ । ਕਿਉਂਕਿ ਪੰਜਾਬ ਦੀਆਂ ਸਰਹੱਦਾਂ ਰਾਹੀ ਇਨ੍ਹਾਂ ਵਸਤਾਂ ਦਾ ਵਪਾਰ ਕਰਨ ਦੇ ਟਰਾਸਪੋਰਟ ਖਰਚੇ ਸਭ ਤੋ ਘੱਟ ਹਨ । ਪਰ ਸੈਂਟਰ ਦੇ ਖੇਤੀਬਾੜੀ ਵਜੀਰ ਸ੍ਰੀ ਨਰਿੰਦਰ ਤੋਮਰ ਅਤੇ ਇੰਡੀਆ ਦੇ ਵਜੀਰ ਏ ਆਜਮ ਸ੍ਰੀ ਮੋਦੀ ਕਿਸਾਨਾਂ ਅਤੇ ਵਪਾਰੀਆ ਦੀ ਆਰਥਿਕਤਾ ਨੂੰ ਮਜਬੂਤ ਕਰਨ ਦੀ ਬਜਾਇ ਅਜਿਹੀਆ ਨੀਤੀਆ ਤੇ ਅਮਲ ਕਰ ਰਹੇ ਹਨ ਜਿਸ ਨਾਲ ਉਨ੍ਹਾਂ ਦੀ ਆਰਥਿਕਤਾ ਨੂੰ ਡੂੰਘੀ ਸੱਟ ਵੱਜਦੀ ਹੈ । ਉਨ੍ਹਾਂ ਵੇਰਵਾ ਦਿੰਦੇ ਹੋਏ ਕਿਹਾ ਕਿ ਸ੍ਰੀ ਨਰਿੰਦਰ ਮੋਦੀ ਇੰਡੀਆ ਦੇ ਵਜੀਰ ਏ ਆਜਮ ਹਨ ਨਾ ਕਿ ਇਕੱਲੇ ਗੁਜਰਾਤ ਦੇ । ਲੇਕਿਨ ਉਹ ਬੀਤੇ 10 ਸਾਲਾਂ ਤੋਂ ਸਭ ਕੁਝ ਵੱਡੇ-ਵੱਡੇ ਉਦਯੋਗ, ਇੰਡਸਟਰੀ, ਵਪਾਰ, ਜਹਾਜ, ਸਮੁੰਦਰੀ ਬੇੜਿਆ ਦੇ ਕਾਰੋਬਾਰ ਨੂੰ ਕੇਵਲ ਤੇ ਕੇਵਲ ਗੁਜਰਾਤ ਵਿਚ ਹੀ ਲਿਜਾ ਰਹੇ ਹਨ, ਜਿਵੇਕਿ ਉਨ੍ਹਾਂ ਦੀ ਜਿੰਮੇਵਾਰੀ ਕੇਵਲ ਗੁਜਰਾਤੀਆ ਨੂੰ ਹੀ ਪ੍ਰਫੁੱਲਿਤ ਕਰਨ ਦੀ ਹੋਵੇ । ਜੋ ਬਤੌਰ ਵਜੀਰ ਏ ਆਜਮ ਬਹੁਤ ਵੱਡੇ ਵਿਤਕਰੇ ਵਾਲੇ ਅਤੇ ਗੈਰ ਜਿੰਮੇਵਰਾਨਾ ਅਮਲ ਹਨ । ਉਨ੍ਹਾਂ ਇਹ ਵੀ ਕਿਹਾ ਕਿ ਗੁਜਰਾਤ ਪਾਕਿਸਤਾਨ ਦੀ ਸਰਹੱਦ ਨਾਲ ਲੱਗਦਾ ਸੂਬਾ ਹੈ । ਜਦੋਕਿ ਪਾਕਿਸਤਾਨ ਇੰਡੀਆ ਦਾ ਦੁਸਮਣ ਮੁਲਕ ਹੈ । ਇੰਡੀਆ ਹਮੇਸ਼ਾਂ ਪਾਕਿਸਤਾਨ ਦਾ ਨਾਮ ਲੈਕੇ ਉਸ ਨੂੰ ਭੰਡਦਾ ਰਹਿੰਦਾ ਹੈ । ਉਹ ਕਿਸੇ ਸਮੇ ਵੀ ਮੰਦਭਾਵਨਾ ਅਧੀਨ ਗੁਜਰਾਤ ਉਤੇ ਹਮਲਾ ਕਰਕੇ ਸਭ ਉਦਯੋਗ, ਇੰਡਸਟਰੀ ਤਬਾਹ ਕਰ ਸਕਦੇ ਹਨ, ਫਿਰ ਇਕੱਲੇ ਗੁਜਰਾਤ ਨੂੰ ਹੀ ਸਭ ਵਸਤਾਂ ਦਾ ਹੱਬ ਕਿਉਂ ਬਣਾਇਆ ਜਾ ਰਿਹਾ ਹੈ ? ਪੰਜਾਬ ਵਰਗੇ ਅਮੀਰ ਸੂਬੇ ਨਾਲ ਇਹ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ?

# ਪਿੰਡ ਸੁੱਖਲੱਧੀ ਦੇ ਕਿਸਾਨ ਹੋਏ ਭਾਕਿਯੂ ਸਿੱਧੂਪੁਰ ਜਥੇਬੰਦੀ 'ਚ ਸ਼ਾਮਿਲ

## ਪਿੰਡ ਇਕਾਈ ਦੀ ਹੋਈ ਚੋਣ



ਤਲਵੰਡੀ ਸਾਬੋ, 14 ਫਰਵਰੀ (ਗੁਰਜੰਟ ਸਿੰਘ ਨਥੇਹਾ)- ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਕਿ ਪਿੰਡ ਸੁਖਲੱਧੀ ਦੇ ਸੈਂਕੜੇ ਕਿਸਾਨਾਂ ਨੇ ਉਗਰਾਹਾਂ ਜਥੇਬੰਦੀ ਦੀਆਂ ਗਤੀਵਿਧੀਆਂ ਨੂੰ ਨਾ ਚੰਗਾ ਸਮਝਦੇ ਹੋਏ ਅੱਜ ਸਾਰਾ ਪਿੰਡ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵਿੱਚ ਸ਼ਾਮਿਲ ਹੋਇਆ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਰੇਸ਼ਮ ਸਿੰਘ ਯਾਤਰੀ ਜਿਲ੍ਹਾ ਜਨ ਸਕੱਤਰ ਬਠਿੰਡਾ ਬਲਵਿੰਦਰ ਸਿੰਘ ਜੋਧਪੁਰ, ਯੋਧਾ ਸਿੰਘ ਨੰਗਲਾ ਨੇ ਪਿੰਡ ਦੇ ਕਿਸਾਨਾਂ ਨੂੰ ਵਿਸ਼ਵਾਸ ਦਵਾਇਆ ਕਿ ਪਿੰਡ ਦਾ ਕੋਈ ਵੀ ਕੰਮ ਹੋਵੇ ਪਹਿਲ ਦੇ ਅਧਾਰ 'ਤੇ ਕੀਤਾ ਜਾਵੇਗਾ ਅਤੇ ਜਥੇਬੰਦੀ ਕਿਸਾਨਾਂ ਦੇ ਨਾਲ ਖੜ੍ਹ ਕੇ ਹਰ ਇੱਕ ਕੰਮ ਪਹਿਲ ਦੇ ਆਧਾਰ 'ਤੇ ਕਰੇਗੀ ਅਤੇ ਪਿੰਡ ਵਾਸੀਆਂ ਨੇ ਦਿੱਲੀ ਬਾਰਡਰਾਂ 'ਤੇ ਚੱਲ ਰਹੇ ਮੋਰਚੇ 'ਚ ਜਾਣ ਲਈ ਲੰਗਰ ਦੀਆਂ ਰਸਮਾਂ ਅਤੇ ਟਰੈਕਟਰ ਟਰਾਲੀਆਂ ਤਿਆਰ ਕਰਕੇ ਅੱਜ ਹੀ ਦਿੱਲੀ ਮੋਰਚੇ ਵੱਲਲਲ ਰਵਾਨਾ ਕੀਤੀਆਂ। ਉਹਨਾਂ ਕਿਹਾ ਕਿ ਜਦੋਂ ਤੱਕ ਇਹ ਮੋਰਚਾ ਚੱਲੇਗਾ ਉਦੋਂ ਤੱਕ ਅਸੀਂ ਪਿੰਡ 'ਚੋਂ ਜਥੇ ਭੇਜਦੇ ਰਹਾਂਗੇ। ਇਸ ਮੌਕੇ ਪਿੰਡ ਕਮੇਟੀ ਦੀ ਚੋਣ ਵੀ ਕੀਤੀ ਗਈ ਜਿਸ ਵਿੱਚ ਸਰਬਸੰਮਤੀ ਨਾਲ ਜਸਵਿੰਦਰ ਸਿੰਘ ਚੌਧਰੀ ਪਿੰਡ ਇਕਾਈ ਪ੍ਰਧਾਨ, ਗੁਰਕੀਰਤ ਸਿੰਘ ਸੀਨੀਅਰ ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਜਟਾਣਾ ਖਜਾਨਚੀ, ਸੁਖਬੀਰ ਸਿੰਘ ਢਿੱਲੋ ਸਹਾਇਕ ਖਜਾਨਚੀ, ਮਨਪ੍ਰੀਤ ਸਿੰਘ ਜਨ ਸਕੱਤਰ, ਮਨਪ੍ਰੀਤ ਸਿੰਘ ਪ੍ਰੈੱਸ ਸਕੱਤਰ, ਕੁਲਵਿੰਦਰ ਸਿੰਘ, ਜੀਤ ਸਿੰਘ, ਗਮਦੂਰ ਸਿੰਘ, ਮਲਕੀਤ ਸਿੰਘ, ਅਮਨਦੀਪ ਸਿੰਘ, ਗੁਰਦੀਪ ਸਿੰਘ, ਅਰਸ਼ਦੀਪ, ਗੁਰਵਿੰਦਰ ਸਿੰਘ, ਅਵਤਾਰ ਸਿੰਘ, ਰਵੀਦੀਪ ਸਿੰਘ, ਗੁਰਪਿਆਰ ਸਿੰਘ ਅਤੇ ਜਸਕਰਨ ਸਿੰਘ ਆਦਿ ਕਮੇਟੀ ਮੈਂਬਰ ਚੁਣੇ ਗਏ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




# ਮਹਾਨ ਜਨਮ ਦਿਹਾੜੇ

ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਅਤੇ ਜਨਮ ਦਿਹਾੜਾ ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ ਅਤੇ ਸਲਾਨਾ ਬਰਸੀ ਸੰਤ ਬਾਬਾ ਸੁੰਦਰ ਸਿੰਘ ਭਿੰਡਰਾਂਵਾਲਿਆ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।





ਸ਼ਨੀਵਾਰ 17 ਫਰਵਰੀ ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ। ਐਤਵਾਰ 18 ਫਰਵਰੀ 2024 10:30 ਵਜੇ ਤੋਂ 12:30 ਦੀਵਾਨ ਸਜਣਗੇ।

ਚੁਪਹਿਰੇ ਦੇ ਪਾਠਾਂ ਦੀ ਅਰੰਭਤਾ ਹਰ ਐਤਵਾਰ 6:30 ਤੋਂ 9:30 ਵਜ਼ੇ ਤੱਕ ਭੋਗ ਪੈਣਗੇ।

ਕਥਾ ਵਾਚਕ ਗਿਆਨੀ ਗੁਰਮੀਤ ਸਿੰਘ ਸੂਹਰ ਗੁਰਦਾਸਪੁਰ ਵਾਲੇ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ☛ ਆਪਣਾ ਕੀਮਤੀ ਸਮਾਂ ਕੱਢਕੇ ਸ਼ਹੀਦੀ ਅਸਥਾਨ ਤੇ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ’ਤੇ ਤਸ਼ੱਦਦ ਜਾਰੀ











## ਕੈਨੇਡਾ ਵੱਲ ਵੱਧ ਪਰਵਾਸ ਦੀ ਵਜਾ : ਸਿਸਟਮ, ਨਸ਼ਾ ਤੇ ਰੁਜਗਾਰ



**ਰੋਜੀ ਰੋਟੀ** ਲਈ ਵਿਦੇਸ਼ਾ ਚ ਜਾ ਕਿ ਸੈਟਲ ਹੋਣ ਦੀ ਚਾਹਤ ਪੰਜਾਬੀਆ ਚ ਪਿਛਲੀ ਸਦੀ ਦੇ ਸ਼ੁਰੂਆਤੀ ਦੌਰ ਚ ਗਦਰੀ ਬਾਬਿਆ ਵੇਲੇ ਤੋ ਅਰੰਭ ਹੋਈ ਸੀ/ ਜੋ ਉਸ ਵਕਤ ਤੋ ਲੈ ਕਿ ਹੁਣ ਤੱਕ ਨਿਰੰਤਰ ਜਾਰੀ ਹੈ/ ਬੇਸ਼ਕ ਪਹਿਲਾਂ ਇਸ ਦੀ ਰਫਤਾਰ ਬਹੁਤ ਮੱਠੀ ਸੀ ਪਰ 20ਵੀ ਸਦੀ ਦੇ ਪਲਟਾ ਮਾਰਨ ਤੇ 21 ਵੀ ਸਦੀ ਦੇ ਸ਼ੁਰੂ ਹੁੰਦਿਆ ਹੀ ਇਸ ਨੇ ਰਫਤਾਰ ਫੜ ਲਈ/ਵਿਦੇਸ਼ ਜਾਣ ਦੀ ਚਾਹਤ ਪੰਜਾਬੀਆ ਚ ਹਮੇਸ਼ਾਂ ਪਰਬਲ ਰਹੀ ਹੈ ਪਹਿਲਾਂ ਪਹਿਲ ਪੰਜਾਬੀ ਜੁਗਾੜ ਲਾ ਕਿ ਵਿਦੇਸ਼ਾਂ ਚ ਜਾਂਦੇ ਤੇ ਕਈ ਕਈ ਵਰਿਆ ਮਗਰੋਂ ਪੱਕੇ ਹੋਣ ਚ ਕਾਮਯਾਬ ਹੁੰਦੇ ਸਨ ਉਨਾਂ ਸਮਿਆਂ ਚ ਪੰਜਾਬ ਦੇ ਕਿਸੇ ਟਾਂਵੇ ਟਾਂਵੇ ਪਿੰਡ ਚੋ ਕੋਈ ਕੋਈ ਬੰਦਾ ਜੁਗਾੜ ਲਾ ਕਿ ਕੈਨੇਡਾ ਅਮਰੀਕਾ ਜਾ ਫਿਰ ਯੂਰਪ ਦੀ ਕਿਸੇ ਛੋਟੀ ਮੋਟੀ ਕੰਨਟਰ ਜਾਂਦਾ ਸੀ, ਉਨੀ ਦਿਨੀ ਬਾਹਰ ਗਏ ਬੰਦੇ ਦ ਬੜੀ ਕਦਰ ਹੁੰਦੀ ਸੀ ਤੇ ਆਲੇ ਦੁਆਲੇ ਦੇ 20 ਪਿੰਡਾ ਚ ਠੁੱਕ ਹੁੰਦੀ ਸੀ/ਬਾਹਰਲੇ ਮੁਲਕ ਗਏ ਬੰਦੇ ਨੇ ਜਦੋ ਭਾਰਤ ਆਉਣਾ ਤਾਂ ਉਸ ਨੇ ਸੋਨੇ ਦੇ ਗਹਿਣਿਆਂ ਨਾਲ ਲੱਦੇ ਹੋਣਾ /ਚੋਖਾ ਸਾਰਾ ਪੈਸਾ ਨਾਲ ਲਿਆਉਣਾ ਤੇ ਆ ਕਿ ਜਮੀਨ ਜਾਇਦਾਤ ਖਰੀਦਨੀ , ਪਿੰਡ ਚ ਵੱਡੀ ਸਾਰੀ ਸੋਹਣੀ ਕੋਠੀ ਪਾਉਣੀ ,,ਕਹਿਣ ਦਾ ਮਤਲਬ ਉਸਦੀ ਬੜੀ ਬੱਲੇ ਬੱਲੇ ਹੋਣੀ,ਪਰ ਅੱਜਕਲ ਇਸ ਦੇ ਉਲਟ ਹੈ ਹੁਣ ਲੋਕ ਬਾਹਰਲੇ ਮੁਲਕਾਂ ਤੋ ਕਮਾ ਕਿ ਪੈਸਾ ਇਧਰ ਲਿਆਉਣ ਦੀ ਬਜਾਏ ਉਧਰ ਹੀ ਸੈਟਲ ਹੋਣ ਨੂੰ ਤਰਜੀਹ ਦੇ ਰਹੇ ਹਨ ਤੇ ਇਧਰੋ ਸਭ ਕੁੱਝ ਵੇਚ ਵੱਟ ਕਿ ਬਾਹਰਲੇ ਮੁਲਕਾਂ ਚ ਹੀ ਸੈਟ ਹੋ ਰਹੇ ਹਨ ਜਿਸ ਦੇ ਕਈ ਕਾਰਨ ਹਨ/ਜਿਨਾ ਚੋ ਮੁੱਖ ਕਾਰਨ ਭਾਰਤ ਚ ਸਿਸਟਮ ਦਾ ਨਿਕੰਮਾਪਣ ,ਨਸ਼ਾ ਤੇ ਰੁਜਗਾਰ ਦੇ ਮੌਕਿਆਂ ਦੀ ਕਮੀ ਹੋਣਾ ਹੈ/ਜਦ ਕਿ ਬਾਹਰਲੇ ਮੁਲਕਾਂ ਚ ਵਰਕ ਕਲਚਰ ਹੋਣ ਕਰਕੇ ਰੁਜਗਾਰ ਦੇ ਵਧੇਰੇ ਮੌਕੇ ਹਨ/

ਆਵਾਜ਼ਿ ਕੌਮ AWAZE QAUM International Newspaper & WEB TV

ਇਸੇ ਕਰਕੇ ਅੱਜ ਵੀ ਹਜਾਰਾਂ ਲੋਕ 40-45 ਲੱਖ ਰੁਪਇਆ ਲਾ ਕਿ ਡੌਂਕੀ ਰਾਂਹੀ ਅਮਰੀਕਾ ਜਾ ਰਹੇ ਹਨ,ਭਾਂਵੇ ਕਿ ਬਹੁਤ ਸਾਰੇ ਲੋਕਾਂ ਨੂੰ ਆਪਣੀ ਜਾਨ ਤੋ ਵੀ ਹੱਥ ਧੌਣੇ ਪੈਂਦੇ ਹਨ/ਤੇ ਜਾਂ ਫਿਰ 10-15 ਲੱਖ ਰੁਪਿਆ ਲਾ ਕਿ 28 ਮੁਲਕਾਂ ਦਾ ਸ਼ੈਨਗਨ ਵੀਜਾ ਹਾਸਲ ਕੇ ਯੂਰਪ ਚਲੇ ਜਾਂਦੇ ਹਨ ,ਜਿਥੋ ਬਾਦ ਚ ਉਹ ਅਮਰੀਕਾ, ਕਨੈਡਾ ਜਾਂ ਇੰਗਲੈਡ ਨਿਕਲ ਜਾਂਦੇ ਹਨ/

ਉਧਰ ਇਸ ਸਦੀ ਦੇ ਸ਼ੁਰੂ ਤੋ, ਭਾਵ 2008-09 ਤੋ ਆਈਲੈਟਸ ਕਰਕੇ ਸੱਟਡੀ ਵੀਜੇ ਤੇ ਜਾਣ ਦੀ ਰਫਤਾਰ ਨੇ ਜੋਰ ਫੜਨਾ ਸ਼ੁਰੂ ਕਰ ਦਿੱਤਾ ਸੀ ਪਰ ਇਸ ਸਮੇ ਦੋਰਾਨ ਕੈਨੇਡਾ ਚ ਸੱਟਡੀ ਵੀਜੇ ਤੇ ਜਾ ਕਿ ਪੀ.ਆਰ ਲੈਣੀ ਥੋੜੀ ਮੁਸ਼ਕਲ ਸੀ ਤੇ ਕੈਨੇਡਾ ਸਟੱਡੀ ਵੀਜਾ ਦਿੰਦਾ ਵੀ ਥੋੜਾ ਮੁਸ਼ਕਲ ਸੀ/ਕਿਉਕਿ ਨਿਯਮ ਟਫ ਸਨ/ਦੂਜੇ ਪਾਸੇ ਅਸਟਰੇਲੀਆ ਤੇ ਨਿਊਜੀਲੈਡ ਦੇ ਸਟੱਡੀ ਵੀਜਾ ਨਿਯਮ ਸੌਖੇ ਹੋਣ ਕਰਕੇ ਇਨਾ ਮੁਲਜਾਂ ਦਾ ਸਟੱਡੀ ਵੀਜਾ ਜਲਦੀ ਲਗਦਾ ਸੀ ਤੇ ਪੀ.ਆਰ ਵੀ ਮਿਲ ਜਾਦੀ ਸੀ, ਜਿਸ ਕਰਕੇ ਲੱਖਾ ਦੀ ਤਾਦਾਦ ਚ ਸਟੂਡੈਟ ਇਨਾ ਦੇਸ਼ਾ ਚ ਸਟੱਡੀ ਵੀਜੇ ਤੇ ਗਏ,ਤੀਸਰਾ, ਉਸ ਵਕਤ ਭਾਵ 2009-2010 ਚ ਯੂ.ਕੇ ਵੱਲੋ ਵੀ ਬਿਨਾ ਆਈਲੈਟਸ ਦੇ ਸੱਟਡੀ ਦਿੱਤੇ ਜਾਣ ਸਦਕਾ ਵੱਡੀ ਗਿਣਤੀ ਚ ਸਟੂਡੈਟ ਯੂ ਕੇ ਵੀ ਗਏ, ਫਿਰ ਅਗਲੇ ਸਾਲਾਂ ਚ ਕੈਨੇਡਾ ਵੱਲੋ ਵੀ ਸਟੱਡੀ ਵੀਜੇ ਚ ਨਰਮੀ ਵਿਖਾਉਦਿਆ ਫੰਡਜ, ਆਇਲੈਟਸ ਬੈਂਡ ,ਵਰਕ ਪਰਮਿਟ ਤੇ ਪੀ.ਆਰ ਨੂੰ ਲੈ ਕਿ ਨਿਯਮਾਂ ਬਦਲਾਆ ਕਰਦਿਆਂ ਸੋਖੇ ਕਰ ਦਿੱਤੇ ਗਏ, ਜਿਸ ਕਰਕੇ ਸਟੂਡੈਟ ਦੀ ਸੱਟਡੀ ਵੀਜੇ ਤੇ ਜਾਣ ਦੀ ਪਹਿਲੀ ਪਸੰਦ ਕੈਨੇਡਾ ਬਣ ਗਿਆ/ ਇਹੀ ਵਜਾ ਹੈ ਕਿ 2015-16ਤੋ ਲੈ ਕਿ ਹੁਣ ਤੱਕ ਕੈਨੇਡਾ ਜਾਣ ਵਾਲੇ ਦੇਸ਼ ਦੇ100 ਚੋ 80ਪ੍ਰੀਸ਼ਤ ਪੰਜਾਬੀ ਹਨ/ਸੌਖੇ ਨਿਯਮਾ ਦੇ ਚਲਦਿਆ ਕੈਨੇਡਾ ਚ ਪੀਆਰ ਲੈਣੀ ਅਸਾਨ ਹੈ ਤੇ ਸੱਟਡੀ ਵੀਜੇ ਤੇ ਗਿਆ ਵਿਦਿਆਰਥੀ ਲੱਗਭਗ ਚਾਰ ਪੰਜ ਸਾਲ ਚ ਪੱਕਾ ਹੋ ਜਾਂਦਾ ਹੈ /ਜਦ ਕਿ ਅਸਟਰੇਲੀਆ, ਨਿਉਜੀਲੈਂਡ ਤੇ ਯੂ ਐਸ ਏ ਚ ਨਿਯਮ ਟਫ ਹੋਣ ਕਰਕੇ ਪੀਆਰ ਹੋਣ ਨੂੰ ਇਸ ਤੋ ਕਿਤੇ ਵਧ ਸਮਾਂ ਲੱਗਦਾ ਹੈ, ਜਿਸ ਕਰਕੇ ਵਿਦਿਆਰਥੀਆਂ ਦਾ ਰੁਝਾਨ ਕੈਨੇਡਾ ਵੱਲ ਵਧੇਰੇ ਹੈ,ਇਕ ਸਰਵੇ ਮੁਤਾਬਕ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਪ੍ਰੀਸ਼ਤਤਾ 42 ਪ੍ਰੀਸ਼ਤ ਤੋ ਵੀ ਉਪਰ ਹੈ ਜਦ ਕਿ ਬਾਕੀ ਮੁਲਕਾਂ ਚ 3 ਪ੍ਰੀਸ਼ਤ ਤੋ ਲੈ ਕਿ 7 ਪ੍ਰੀਸ਼ਸਤ ਦੇ ਲੱਗਭਗ ਹੈ ਪੂਰੇ ਕੈਨੇਡਾ ਚ ਪੰਜਾਬੀਆ ਦੀ ਗਿਣਤੀ ਇਸ ਵਕਤ10 ਲੱਖ ਤੋ ਉਪਰ ਭਾਵ ਕੈਨੇਡਾ ਦੀ ਕੁੱਲ ਆਬਾਦੀ ਦਾ 2 ਪ੍ਰੀਸ਼ਤ ਹੈ / ਇੰਗਲਸ਼ ਤੇ ਫਰੈਂਚ ਮਗਰੋ ਪੰਜਾਬੀ ਕੈਨੇਡਾ ਚ ਬੋਲੀ ਜਾਣ ਵਾਲੀ ਤੀਜੀ ਲੈਂਗੂਏਜ(ਭਾਸ਼ਾ) ਹੈ/ਬਰਹਮਟਨ, ਕੈਲਗਿਰੀ ਤੇ ਸਰੀ ਵਰਗੇ ਕੈਨੇਡਾ ਦੇ ਸ਼ਹਿਰ ਤਾਂ ਮਿੰਨੀ ਪੰਜਾਬ ਵੱਜੋ ਜਾਣੇ ਜਾਦੇ ਹਨ/ ਪੰਜਾਬੀਆ ਦਾ ਕੈਨੇਡਾ ਦੀ ਸਿਆਸਤ ਵਿਚ ਵੀ ਚੰਗਾ ਅਸਰ ਰਸੂਖ ਤੇ ਦਬ ਦਬਆ ਮੰਨਿਆ ਜਾਂਦਾ ਹੈ।ਹੁਣ ਕੈਨੇਡਾ ਵੱਲੋ ਅੰਤਰ ਰਾਸ਼ਟਰੀ ਵਿਦਿਆਥੀਆਂ ਨੂੰ ਲੈ ਕੇ ਨਿਯਮਾਂ ਚ ਕੁੱਝ ਬਦਲਾਅ ਕੀਤੇ ਗਏ ਹਨ ,ਜਿਸ ਚ ਜੀਐਸਟੀ 10,000 ਡਾਲਰ ਤੋ ਵਧਾਆ ਕਿ 20000ਡਾਲਰ ਮਤਲਬ ਦੁਗਣੀ ਕਰਨ ਤੋ ਇਲਾਵਾ ਵਰਕ ਪਰਮਿਟ ਤੇ ਪੀਆਰ ਨਿਯਮਾ ਚ ਬਦਲਾਆ ਸ਼ਾਮਲ ਹੈ /ਇਨਾ ਨਵੇ ਨਿਯਮਾ ਦਾ ਅੰਤਰ ਰਾਸ਼ਟਰੀ ਵਿਦਿਆਰਥੀਆ ਤੇ ਚੋਖਾ ਅਸਰ ਪੈਣ ਦੀ ਸੰਭਾਵਨਾ ਹੈ।ਪੰਜਾਬ ਦੇ ਵਿਦਿਆਰਥੀਆਂ ਦਾ ਕੈਨੇਡਾ ਵੱਲ ਰੁਖ ਕਰਨ ਦਾ ਜੇਕਰ ਮੁੱਖ ਕਾਰਨ ਵੇਖਿਆ ਜਾਵੇ ਤਾਂ ਉਹ ਹੈ ,ਪੰਜਾਬ ਚ ਰੁਜਗਾਰ ਦੀ ਘਾਟ, ਨਸ਼ਿਆ ਦੀ ਭਰਮਾਰ ਤੋ ਇਲਾਵਾ ਕੈਨੇਡਾ ਦੇ ਰਹਿਣ ਸਹਿਣ ਤੇ ਪੱਕੇ ਹੋਣ ਚ ਅਸਾਨੀ/ਸਾਲ 2011-12ਤੋ ਲੈ ਕਿ ਪੰਜਾਬ ਚੋ ਹਰ ਵਰੇ ਇਕ ਲੱਖ ਤੋ ਵਧੇਰੇ ਸਟੂਡੈਟ ਇੱਕਲਿਆ ਕੈਨੇਡਾ ਨੂੰ ਜਹਾਜ ਫੜਦਾ ਹੈ/ਬੱਚਿਆ ਦੇ ਮਾਪੇ ਨਸ਼ੇ ਤੋ ਡਰਦੇ ਮਾਰੇ ਆਪਣੇ ਧੀਆਂ ਪੁੱਤਾਂ ਨੂੰ ਸਟੂਡੈਟ ਵੀਜੇ ਤੇ ਕੈਨੇਡਾ ਭੇਜ ਰਹੇ/ਬੇਸ਼ਕ ਉਨਾ ਨੂੰ ਇਸ ਵਾਸਤੇ ਕਰਜਾ ਹੀ ਲੈਣਾ ਪੈ ਰਿਹਾ, ਕਿਉਕਿ ਉਹ ਡਰਦੇ ਹਨ ਕਿ ਜੇ ਉਨਾ ਦਾ ਪੁੱਤ ਪੰਜਾਬ ਚ ਰਿਹਾ ਤਾ ਕਿਤੇ ਉਹ ਨਸ਼ੇ ਚ ਹੀ ਨਾ ਫਸ ਜਾਵੇ ਜਾਂ ਰੁਜਗਾਰ ਨਾ ਮਿਲਣ ਕਾਰਨ ਡਿਪਰੈਸ਼ਨ ਦਾ ਸ਼ਿਕਾਰ ਨਾ ਹੋ ਜਾਵੇ,ਜਿਸ ਕਰਕੇ ਉਹ 25-30 ਲੱਖ ਲਾ ਕਿ ਆਪਣੇ ਬੱਚਿਆ ਨੂੰ ਹਰ ਹੀਲੇ ਵਿਦੇਸ਼ ਭੇਜ ਕਿ ਉਥੇ ਹੀ ਸੈਟਲ ਕਰਨਾ ਚਹੁੰਦਾ ਹੈ ਭਾਵੇ ਕਿ ਹੁਣ ਵਿਦੇਸ਼ਾ ਦੀ ਪੀਆਰ ਲੈਣੀ ਵੀ ਕੋਈ ਐਨੀ ਅਸਾਨ ਨਹੀ ਹੈ/ਹਾਲਾਂ ਕਿ ਅਸਟਰੇਲੀਆ ,ਨਿਊਜੀਲੈਡ ਯੂਕੇ ਤੇ ਅਮਰੀਕਾ ਆਦਿ ਦੇਸ਼ਾਂ ਵੱਲ ਵੀ ਵਿਦਿਆਰਥੀ ਵੀਜਾ ਹਾਸਲ ਕੀਤੇ ਜਾਣ ਦੀਆ ਕੋਸ਼ਿਸ਼ਾਂ ਜਾਰੀ ਹਨ ਤੇ ਜਾ ਵੀ ਰਹੇ ਹਨ/ਪਰ ਕੈਨੇਡਾ ਜਾਣ ਦਾ ਰੁਝਾਨ ਸਭ ਤੋ ਜਿਆਦਾ ਹੈ!

**-ਅਜੀਤ ਖੰਨਾ (ਲੈਕਚਰਾਰ)**
**(ਐਮ.ਏ.,ਐਮ.ਫਿਲ.,ਐਮ.ਜੇ.ਐਮ ਸੀ.ਬੀਐੱਡ )**

## ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਨਵੇਂ ਬਣਾਏ ਪ੍ਰਬੰਧਕ ਬੋਰਡ ਐਕਟ ਨੂੰ ਮਹਾਂਰਾਸ਼ਟਰ ਸਰਕਾਰ ਨੇ ਲਿਆ ਵਾਪਸ ਖ਼ਾਲਸੇ ਪੰਥ ਦੀ ਹੋਈ ਚੜ੍ਹਦੀ ਕਲ੍ਹਾ ਬਾਬਾ ਸੁੱਖਾ ਸਿੰਘ



ਜੰਡਿਆਲਾ ਗੁਰੂ 14 ਫਰਵਰੀ ( ਕੁਲਵੰਤ ਸਿੰਘ ਵਿਰਦੀ) ਤਖ਼ਤ ਸਚਖੰਡ ਸ੍ਰੀ ਹਜ਼ੂਰ ਵਿਖੇ ਮਹਾਂਰਾਸ਼ਟਰ ਸਰਕਾਰ ਵੱਲੋਂ ਦਖਲ ਦਿੰਦਿਆਂ ਹੋਇਆਂ ਅਬਿਚਲ ਨਗਰ ਐਕਟ 1956 ਨੂੰ ਤੋੜ ਕੇ ਨਵਾਂ ਐਕਟ ਬਣਾ ਕੇ ਨਵਾਂ ਪ੍ਰਬੰਧਕ ਬੋਰਡ ਬਣਾਇਆ ਗਿਆ ਸੀ ਜਿਸ ਸਬੰਧੀ ਗੁਰੂ ਨਾਨਕ ਲੇਵਾ ਸਮੂਹ ਸੰਗਤਾਂ ਅਤੇ ਖ਼ਾਲਸੇ ਪੰਥ ਵਿੱਚ ਰੋਸ਼ ਪਾਇਆ ਗਿਆ ਸੀ ਅਤੇ ਅੱਜ ਮਹਾਂਰਾਸ਼ਟਰ ਸਰਕਾਰ ਨੇ ਖ਼ਾਲਸੇ ਪੰਥ ਅੱਗੇ ਝੁਕਦਿਆਂ ਹੋਇਆਂ ਨਵੇਂ ਬਣਾਏ ਗਏ ਐਕਟ ਨੂੰ ਵਾਪਸ ਲੈ ਲਿਆ ਹੈ ਜਿਸ ਨਾਲ ਖ਼ਾਲਸੇ ਪੰਥ ਦੀ ਚੜ੍ਹਦੀ ਕਲ੍ਹਾ ਹੋਈ ਹੈ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਤਪ ਅਸਥਾਨ ਗੁਰਦੁਆਰਾ ਸੰਤ ਬਾਬਾ ਗੁਰਬਖਸ਼ ਸਿੰਘ ਜੀ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸ਼ਿਮਲੇ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਜੀ ਨੇ ਅੱਗੇ ਕਿਹਾ ਕਿ ਅਸੀਂ ਮਹਾਂਰਾਸ਼ਟਰ ਸਰਕਾਰ ਦਾ ਧੰਨਵਾਦ ਕਰਦੇ ਹਾਂ ਅਤੇ ਮਹਾਂਰਾਸ਼ਟਰ ਸਰਕਾਰ ਅਤੇ ਭਾਰਤ ਦੇਸ਼ ਦੇ ਬਾਕੀ ਸੂਬਿਆਂ ਦੀਆਂ ਸਰਕਾਰਾਂ ਨੂੰ ਬੇਨਤੀ ਕਰਦੇ ਹਾਂ ਕਿ ਧਾਰਮਿਕ ਅਸਥਾਨਾਂ ਤੇ ਗੁਰਦੁਆਰੇ ਸਾਹਿਬਾਨਾਂ ਦੇ ਪ੍ਰਬੰਧਾਂ ਵਿੱਚ ਸਰਕਾਰਾਂ ਦਖ਼ਲ ਨਾ ਦੇਣ ਜਿਸ ਨਾਲ ਸਮੂਹ ਸੰਗਤਾਂ ਦੇ ਹਿਰਦਿਆਂ ਨੂੰ ਠੇਸ ਪਹੁੰਚੇ 9 ਅਤੇ ਭਾਰਤ ਦੇਸ਼ ਦੇ ਵਾਸੀਆਂ ਲਈ ਭਾਈਚਾਰਕ ਸਾਂਝ ਲਈ ਖ਼ਤਰੇ ਦੀ ਘੰਟੀ ਵਾਂਗ ਕੰਮ ਕਰੇ 9 ਇਸ ਮੌਕੇ ਭਾਈ ਰਣਜੀਤ ਸਿੰਘ ਬਸਰਾਵਾਂ , ਭਾਈ ਜਸਪਾਲ ਸਿੰਘ ਭਾਈ ਰਣਜੀਤ ਸਿੰਘ ਮਲੋਟ, ਭਾਈ ਸਾਹਬ ਸਿੰਘ , ਭਾਈ ਰੁਪਿੰਦਰ ਸਿੰਘ ਆਦਿ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## (ਕਾਵਿ ਵਿਅੰਗ) ਦਿੱਲੀ ਵੱਲ ਕੂਚ



ਲਾ ਲਾ ਕਿੱਲ ਸੜਕਾਂ ਦੇ ਢਿੱਡ ਪਾੜੇ,
ਰੱਖੇ ਪੱਥਰ ਰਾਹਾਂ ਵਿਚਕਾਰ ਮੀਆਂ।
ਕਿਧਰੇ ਰੱਖ ਸਲੈਬਾਂ ਇਹਨਾਂ ਰੋਕ ਲਾਈ,
ਹਰ ਇੱਕ ਵਰਤਿਆ ਹਥਿਆਰ ਮੀਆਂ।
ਗੰਦੇ ਪਾਣੀ ਦੀਆਂ ਪਾਉਂਦੇ ਬਾਛੜਾ ਨੂੰ,
ਰਿਹਾ ਡਰੋਨ ਵੀ ਜ਼ਿਹਰ ਖਲਾਰ ਮੀਆਂ।
ਜਦ ਚੜ੍ਹੇ ਪੰਜਾਬੀ ਤੂਫ਼ਾਨ ਬਣ ਕੇ,
ਰੋਕਾਂ ਸੁੱਟੀਆਂ ਸੜਕੋਂ ਬਾਹਰ ਮੀਆਂ।
ਕਈ ‘ਬਾਬੇ’ ਨੇ ਲੋਕਾਂ ਵਿੱਚ ਜੋਸ਼ ਭਰਦੇ,
ਅਗਵਾਈ ਕਰਦੇ ਬਾਂਹ ਉਲਾਰ ਮੀਆਂ।
ਵੇਖੋ ਮੌਤ ਨੂੰ ਕਿਵੇਂ ਪਏ ਮਖੌਲ ਕਰਦੇ,
ਫਿਰੇਂ ਨੱਚਦੀ ਵਾਂਗ ਨਚਾਰ ਮੀਆਂ।
ਸਿੱਧੇ ਹੋ ਹੁਣ ਦਿੱਲੀ ਦੇ ਵੱਲ ਕੂਚ ਕੀਤਾ,
ਜਿਸ ਕੀਤਾ ਅਤਿਆਚਾਰ ਮੀਆਂ।
ਇਹ ਹੁਣ ਨਹੀਂ, ਅੱਗੇ ਵੀ ਰਹੀ ਕਰਦੀ,
ਉੱਤੇ ਸਿੱਖਾਂ ਜ਼ੁਲਮ ਬੇ ਸ਼ੁਮਾਰ ਮੀਆਂ।
ਪਰ ਮੂਹਰੇ ਪੰਜਾਬੀਆਂ ਦੇ ਬਣੇ ਭਿੱਜੀ ਬਿੱਲੀ,
ਜਿਵੇਂ ਚਿਰਾਂ ਤੋਂ ਹੋਵੇ ਇਹ ਬਿਮਾਰ ਮੀਆਂ।
ਸਿੰਘ ਨਹੀਂ ਡਰਦੇ ਤੋਪਾਂ ਗੋਲਿਆਂ ਤੋਂ,
ਉੱਚਾ ਰੱਖਦੇ ਆਪਣਾਂ ਕਿਰਦਾਰ ਮੀਆਂ।
ਸੁਣੋਂ ? ਹੁਣ ਵੀ ਹੋਣੀ ਜਿੱਤ ਪੰਜਾਬੀਆਂ ਦੀ,
ਨਾਲ ਜਿੰਨਾਂ ਦੇ ਅਜੀਤ ਜੁਝਾਰ ਮੀਆਂ।
ਹੱਕ ਆਪਣੇ ਸਦਾ ਇਹ ਰਹਿਣ ਲ਼ੈ ਕੇ,
ਪੱਤੋ, ਆਖਦਾ ਜਿੱਤ ਬਰਕਰਾਰ ਮੀਆਂ।

**-ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ**